ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 40 | Monday, February 28, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON


## ਪੁਤਿਨ ਵੱਲੋਂ ਪ੍ਰਮਾਣੂ ਫੋਰਸਿਜ਼ ਹਾਈ ਐਲਰਟ ਉੱਤੇ, ਤਣਾਅ ਵਿੱਚ ਹੋਇਆ ਹੋਰ ਵਾਧਾ



ਕੀਵ,ਯੂਕਰੇਨ, 27 ਫਰਵਰੀ (ਪੋਸਟ ਬਿਊਰੋ) : ਰੂਸ ਦੀਆਂ ਪ੍ਰਮਾਣੂ ਫੋਰਸਿਜ਼ ਨੂੰ ਐਤਵਾਰ ਨੂੰ ਹਾਈ ਐਲਰਟ ਕਰਕੇ ਰਾਸ਼ਟਰਪਤੀ ਪੁਤਿਨ ਨੇ ਪੂਰਬ-ਪੱਛਮ ਵਿਚਲੇ ਤਣਾਅ ਵਿੱਚ ਹੋਰ ਵਾਧਾ ਕਰ ਦਿੱਤਾ। ਦੂਜੇ ਪਾਸੇ ਯੂਕਰੇਨ ਦੇ ਰਾਸ਼ਟਰਪਤੀ ਵੱਲੋਂ ਮਾਸਕੋ ਨਾਲ ਗੱਲਬਾਤ ਲਈ ਸਹਿਮਤੀ ਪ੍ਰਗਟਾਈ ਗਈ ਹੈ। ਇਸ ਦਰਮਿਆਨ ਰੂਸ ਦੀਆਂ ਸੈਨਾਵਾਂ ਤੇ ਟੈਂਕ ਯੂਕਰੇਨ ਦੇ ਕਾਫੀ ਅੰਦਰ ਤੱਕ ਪਹੁੰਚ ਚੁੱਕੇ ਹਨ ਤੇ ਰਾਜਧਾਨੀ ਦੇ ਕਾਫੀ ਨੇੜੇ ਦੱਸੇ ਜਾ ਰਹੇ ਹਨ।

ਨਾਟੋ ਵੱਲੋਂ ਕਥਿਤ ਤੌਰ ਉੱਤੇ ਭੜਕੀਲੇ ਬਿਆਨ ਦਿੱਤੇ ਜਾਣ ਤੇ ਸਖ਼ਤ ਵਿੱਤੀ ਪਾਬੰਦੀਆਂ ਲਾਏ ਜਾਣ ਦਾ ਹਵਾਲਾ ਦਿੰਦਿਆਂ ਪੁਤਿਨ ਨੇ ਰੂਸ ਦੇ ਪ੍ਰਮਾਣੂ ਹਥਿਆਰਾਂ ਨੂੰ ਤਿਆਰ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਇਸ ਨਾਲ ਇਹ ਤੌਖਲਾ ਪੈਦਾ ਹੋ ਗਿਆ ਹੈ ਕਿ ਯੂਕਰੇਨ ਉੱਤੇ ਚੜ੍ਹਾਈ ਕਿਤੇ ਪ੍ਰਮਾਣੂ ਜੰਗ ...ਬਾਕੀ ਪੰਨਾ 3 'ਤੇ

# ਯੂਕਰੇਨ ਦੇ ਸਮਰਥਨ ਵਿੱਚ ਮੁਜ਼ਾਹਰਾਕਾਰੀਆਂ ਨੇ ਡਾਊਨਟਾਊਨ ਵਿੱਚ ਕੀਤਾ ਮਾਰਚ




ਟੋਰਾਂਟੋ, 27 ਫਰਵਰੀ (ਪੋਸਟ ਬਿਊਰੋ) : ਰੂਸ ਵੱਲੋਂ ਯੂਕਰੇਨ ਉੱਤੇ ਹਮਲੇ ਤੇਜ਼ ਕੀਤੇ ਜਾਣ ਦੇ ਨਾਲ ਨਾਲ ਕੈਨੇਡਾ ਦੇ ਦਰਜਨਾਂ ਵੱਡੇ ਸ਼ਹਿਰਾਂ ਵਿੱਚ ਯੂਕਰੇਨ ਦੇ ਲੋਕਾਂ ਦੇ ਸਮਰਥਨ ਵਿੱਚ ਕੈਨੇਡੀਅਨਜ਼ ਵੱਲੋਂ ਰੈਲੀਆਂ ਕੀਤੀਆਂ ਜਾ ਰਹੀਆਂ ਹਨ।

ਟੋਰਾਂਟੋ ਵਿੱਚ ਐਤਵਾਰ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਇਸ ਆਸ ਨਾਲ ਮਾਰਚ ਕੀਤਾ ਕਿ ਇਸ ਨਾਲ ਯੂਕਰੇਨ ਵਾਸੀਆਂ ਨੂੰ ਥੋੜ੍ਹਾ ਹੁਲ-ਾਰਾ ਮਿਲੇਗਾ। ਰੈਲੀ ਵਿੱਚ ਸ਼ਾਮਲ ਇੱਕ ਮਹਿਲਾ ਨੇ ਆਖਿਆ ਕਿ ਇਸ ਸਮੇਂ ਯੂਕਰੇਨ ਵਾਸੀ ਬੜੀ ਬਹਾਦਰੀ ਨਾਲ ਨਾ ਸਿਰਫ ਆਪਣੇ ਦੇਸ਼ ਦੀ ਰਾਖੀ ਲਈ ਲੜ ਰਹੇ ਹਨ ਸਗੋਂ ਉਨ੍ਹਾਂ ਦੇ ਆਜ਼ਾਦੀ ਤੇ ਜਮਹੂਰੀਅਤ ਦੇ ਹੱਕ ਲਈ ਵੀ ਲੜ ਰਹੇ ਹਨ। ਇਹ ਮਹਿਲਾ ਉਨ੍ਹਾਂ 1·4 ਮਿਲੀਅਨ ਲੋਕਾਂ ਵਿੱਚੋਂ ਇੱਕ ਸੀ ਜਿਹੜੇ ਯੂਕਰੇਨ ਤੋਂ ਕੈਨੇਡਾ ਰੋਜ਼ੀ ਰੋਟੀ ਕਮਾਉਣ ਲਈ ਆਏ ਹਨ। ਇਨ੍ਹਾਂ ਮੁਜ਼ਾਹਰਿਆਂ ਨਾਲ ਲੋਕਾਂ ਵੱਲੋਂ ਇਹ ਵੀ ਦਰਸਾਇਆ ਗਿਆ ਕਿ ਹਾਲਾਤ ਭਾਵੇਂ ਕਿਹੋ ਜਿਹੇ ਵੀ ਹੋਣ ਯੂਕਰੇਨ ਦੀ ਕਮਿਊਨਿਟੀ ਕਿੰਨੀ ਮਜ਼ਬੂਤ ਹੈ।

ਰੈਲੀਆਂ ਤੇ ਮੁਜ਼ਾਹਰੇ ਕਰਨ ਵਾਲਿਆਂ ਨੇ ਪੀਲੇ ਤੇ ਨੀਲੇ ਰੰਗ ਦੇ ਕੱਪੜੇ ਪਾਏ ਹੋਏ ਸਨ ਤੇ ਉਹ ਰੂਸ ਤੱਕ ਇਹ ਸੁਨੇਹਾ ਪਹੁੰਚਾਉਣਾ ਚਾਹੁੰਦੇ ਸਨ ਕਿ ਉਹ ਕਿਤੇ ਵੀ ਰਹਿਣ ਪਰ ਉਹ ਇੱਕਜੁੱਟ ਹਨ। ਇਸ ਮਾਰਚ ਵਿੱਚ ਸੱਭ ਤੋਂ ਅੱਗੇ ਮੇਅਰ ਜੌਹਨ ਟੋਰੀ ਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਸਨ, ਇਨ੍ਹਾਂ ਦੋਵਾਂ ਦਾ ਸਬੰਧ ਯੂਕਰੇਨ ਨਾਲ ਹੈ। ਫਰੀਲੈਂਡ ਨੇ ਆਖਿਆ ਕਿ ਯੂਕਰੇਨ ਦੇ ਲੋਕਾਂ ਦੇ ਹੌਸਲੇ ਤੇ ਜਜ਼ਬੇ ਉੱਤੇ ਯੂਕਰੇਨੀ ਕੈਨੇਡੀਅਨ ਹੋਣ ਨਾਤੇ ਸਾਨੂੰ ਮਾਣ ਹੈ। ਉਹ ਜਮਹੂਰੀਅਤ ਲਈ, ਸਾਡੇ ਲਈ ਲੜ ਰਹੇ ਹਨ ਤੇ ਉਹ ਕਮਾਲ ਦਾ ਕੰਮ ਕਰ ਰਹੇ ਹਨ ਅਤੇ ਅਸੀਂ ਉਨ੍ਹਾਂ ਦਾ ਸਮਰਥਨ ਕਰਦੇ ਹਾਂ।

ਲੋਕਾਂ ਦੇ ਭਾਰੀ ਇੱਕਠ ਨੂੰ ਵੇਖ ਕੇ ਟੋਰੀ ਨੇ ਆਖਿਆ ਕਿ ਟੋਰਾਂਟੋ ਕੀਵ ਦੀ ਸਿਸਟਰ ਸਿਟੀ ਨਹੀਂ ਹੈ ਸਗੋਂ ਇਹ ਯੂਕਰੇਨ ਹੈ, ਟੋਰਾਂਟੋ ਕੀਵ ਹੈ। ਰੂਸ ਵੱਲੋਂ ਕੀਤੇ ਗਏ ਇਸ ਤਰ੍ਹਾਂ ਦੇ ਹਮਲੇ ਤੇ ਹੋਰਨਾਂ ਵਧੀਕੀਆਂ, ਗੈਰਕਾਨੂੰਨੀ ਗਤੀਵਿਧੀਆਂ ਦੀ ਅਸੀਂ ਨਿਖੇਧੀ ਕਰਦੇ ਹਾਂ। ਸਮਰਥਨ ਦਰਸਾਉਣ ਦੇ ਨਾਲ ਨਾਲ ਫੰਡਜ਼ ਵੀ ਇੱਕਠੇ ਕੀਤੇ ਜਾ ਰਹੇ ਹਨ ਤੇ ਯੂਕਰੇਨ ਦੇ ਲੋਕਾਂ ਦੇ ਸਮਰਥਨ ਲਈ ਕੈਨੇਡਾ ਦੇ ਕਈ ਹਿੱਸਿਆਂ ਵਿੱਚ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ। ਰੈੱਡ ਕਰੌਸ ਦੇ ਰਾਹਤ ਕਾਰਜਾਂ ਲਈ ਆਉਣ ਵਾਲੀ ਰਕਮ ਦੇ ਬਰਾਬਰ ਫੈਡਰਲ ਸਰਕਾਰ ਵੱਲੋਂ ਡੋਨੇਸ਼ਨ ਦਿੱਤੀ ਜਾ ਰਹੀ ਹੈ।

## ਰੂਸੀ ਜਹਾਜ਼ਾਂ ਲਈ ਕੈਨੇਡਾ ਨੇ ਬੰਦ ਕੀਤੀ ਆਪਣੀ ਏਅਰਸਪੇਸ



ਓਟਵਾ, 27 ਫਰਵਰੀ (ਪੋਸਟ ਬਿਊਰੋ) : ਕੈਨੇਡਾ ਨੇ ਰੂਸੀ ਜਹਾਜ਼ਾਂ ਲਈ ਆਪਣੀ ਏਅਰਸਪੇਸ ਬੰਦ ਕਰ ਦਿੱਤੀ ਹੈ। ਇਹ ਫੈਸਲਾ ਫੌਰੀ ਪ੍ਰਭਾਵ ਨਾਲ ਲਾਗੂ ਕੀਤਾ ਗਿਆ ਹੈ। ਫੈਡਰਲ ਸਰਕਾਰ ਨੇ ਯੂਕਰੇਨ ਲਈ ਹੋਰ ਸਾਜ਼ੋ ਸਮਾਨ ਮੁਹੱਈਆ ਕਰਵਾਉਣ ਦਾ ਵਾਅਦਾ ਵੀ ਕੀਤਾ।

ਐਤਵਾਰ ਨੂੰ ਟਵਿੱਟਰ ਉੱਤੇ ਐਲਾਨ ਕਰਦਿਆਂ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਨੇ ਆਖਿਆ ਕਿ ਕੈਨੇਡਾ ਦੀ ਏਅਰਸਪੇਸ ਨੂੰ ਰੂਸੀ ਜਹਾਜ਼ਾਂ ਲਈ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਯੂਕਰੇਨ ਖਿਲਾਫ ਬਿਨਾਂ ਉਕਸਾਇਆਂ ਕੀਤੇ ਗਏ ਇਨ੍ਹਾਂ ਹਮਲਿਆਂ ਲਈ ਰੂਸ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਜਰਮਨੀ, ਆਸਟਰੀਆ, ਇਟਲੀ, ਚੈੱਕ ਰਿਪਬਲਿਕ, ਪੋਲੈਂਡ, ਬੁਲਗੇਰੀਆ, ਸਲੋਵੇਨੀਆ, ਈਸਟੋਨੀਆ, ਲੈਟਵੀਆ, ਲਿਥੂਆਨੀਆ, ਰੋਮਾਨੀਆ ਤੇ ਲਗਜ਼ਮਬਰਗ ਵੱਲੋਂ ਯੂਕਰੇਨ ਉੱਤੇ ਕੀਤੀ ਚੜ੍ਹਾਈ ਬਦਲੇ ਰੂਸ ਦੇ ਜਹਾਜ਼ਾਂ ਉੱਤੇ ਰੋਕ ਲਾ ਦਿੱਤੀ ਗਈ ਹੈ। ਕੈਨੇਡਾ ਵੱਲੋਂ ਇਹ ਕਦਮ ਹੋਰਨਾਂ ਯੂਰਪੀਅਨ ਦੇਸ਼ਾਂ ਦੀ ਤਰਜ਼ ਉੱਤੇ ਚੁੱਕਿਆ ਗਿਆ ਹੈ।

ਰੂਸ ਵੱਲੋਂ ਵੀ ਇਨ੍ਹਾਂ ਸਾਰੇ ਦੇਸ਼ਾਂ ਦੇ ਜਹਾਜ਼ਾਂ ਲਈ ਆਪਣੀ ਏਅਰਸਪੇਸ ਬੰਦ ਕਰ ਦਿੱਤੀ ਗਈ ਹੈ। ਇਸ ਦੌਰਾਨ ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਐਤਵਾਰ ਨੂੰ ਐਲਾਨ ਕਰਦਿਆਂ ਆਖਿਆ ਕਿ ਯੂਕਰੇਨ ਦੇ ਡਿਪਟੀ ਪ੍ਰਧਾਨ ਮੰਤਰੀ ਦੀ ਬੇਨਤੀ ਉੱਤੇ ਕੈਨੇਡਾ 25 ਮਿਲੀਅਨ ਡਾਲਰ ਦੇ ਪ੍ਰੋਟੈਕਟਿਵ ਇਕਿਉਪਮੈਂਟ ਉੱਥੇ ਭੇਜੇਗਾ। ਇਨ੍ਹਾਂ ਵਿੱਚ ਹੈਲਮੈਟ, ਬਾਡੀ ਆਰਮਰ, ਗੈਸ ਮਾਸਕਸ ਤੇ ਹਨ੍ਹੇਰੇ ਵਿੱਚ ਵੇਖਣ ਵਾਲਾ ਸਾਜ਼ੋ ਸਾਮਾਨ ਹੋਵੇਗਾ। ਯੂਕਰੇਨ ਤੱਕ ਇਹ ਸਾਰਾ ਸਮਾਨ ਪਹੁੰਚਾਉਣ ਲਈ ਕੈਨੇਡਾ ਪੋਲੈਂਡ ਨਾਲ ਗੱਲ ਕਰ ਰਿਹਾ ਹੈ। ਜੋਲੀ ਨੇ ਆਖਿਆ ਕਿ ਇਸ ਤੋਂ ਇਲਾਵਾ ਕੈਨੇਡਾ ਹੋਰ ਸਮਾਨ ਵੀ ਭੇਜੇਗਾ।

# ਯੂਰਪੀ ਯੂਨੀਅਨ ਯੂਕਰੇਨ ਨੂੰ ਹਥਿਆਰ ਖਰੀਦ ਲਈ 450 ਮਿਲੀਅਨ ਯੂਰੋ ਦੀ ਮਦਦ ਦੇਵੇਗਾ

*** ਜਾਪਾਨ ਨੇ ਰੂਸ ਦੇ ਬੈਂਕਾਂ ਉੱਤੇ, ਫਰਾਂਸ ਨੇ ਜਹਾਜ਼ਾਂ ਉੱਤੇ ਪਾਬੰਦੀ ਲਾਈ**

ਪੈਰਿਸ, 27 ਫਰਵਰੀ, (ਪੋਸਟ ਬਿਊਰੋ)- ਯੂਰਪੀਨ ਯੂਨੀਅਨ (ਈ ਯੂ) ਨੇ ਯੂਕਰੇਨ ਨੂੰ ਹਥਿਆਰ ਖਰੀਦਣ ਲਈ 450 ਮਿਲੀਅਨ ਯੂਰੋ ਦੀ ਮਦਦ ਦੇਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਈ ਯੂ ਨੇ ਰੂਸੀ ਮੀਡੀਆ ਉੱਤੇ ਪਾਬੰਦੀ ਲਾਈ ਹੈ ਅਤੇ ਜਾਪਾਨ ਅਤੇ ਫਰਾਂਸ ਨੇ ਵੀ ਬੈਂਕਾਂ ਅਤੇ ਜਹਾਜ਼ਾਂ ਦੀਆਂ ਪਾਬੰਦੀਆਂ ਲਾ ਦਿੱਤੀਆਂ ਹਨ।

ਈ ਯੂ ਦੀ ਪ੍ਰਧਾਨ ਨੇ ਕਿਹਾ ਹੈ ਕਿ 'ਯੂਰਪੀ ਯੂਨੀਅਨ ਹਮਲੇ ਤੋਂ ਪ੍ਰਭਾਵਤ ਦੇਸ਼ ਯੂਕਰੇਨ ਨੂੰ ਹਥਿਆਰਾਂ ਅਤੇ ਹੋਰ ਸਾਮਾਨ ਦੀ ਖਰੀਦ ਲਈ ਫੰਡ ਅਲਾਟ ਕਰੇਗਾ। ਅਸੀਂ ਰੂਸ ਵਿਰੁੱਧ ਆਪਣੀ ਪਾਬੰਦੀ ਮਜ਼ਬੂਤ ਕਰ ਰਹੇ ਹਾਂ। ਅਸੀਂ ਜੰਗਵਿੱਚ ਹੋਰ ਹਮਲਾਵਰਾਂ, ਜਿਵੇਂ ਬੈਲਾਰੂਸ ਵਿਚਲੇ ਲੁਕਾਸ਼ੇਂਕੋ ਦੇ ਰਾਜ ਉੱਤੇ ਨਵੀਆਂ ਪਾਬੰਦੀਆਂ ਲਾਉਣ ਲਈ ਵੀ ਤਿਆਰ ਹੋ ਰਹੇ ਹਾਂ।ਯੂਰਪੀ ਯੂਨੀਅਨਦੇ 27 ਦੇਸ਼ ਹਨ।ਇਸ ਗਰੁੱਪ ਨੇ ਦੁਨੀਆ ਵਿੱਚ ਆਪਣੇ ਫੌਜੀ ਸਿਖਲਾਈ ਤੇ ਸਹਿਯੋਗੀ ਮਿਸ਼ਨ ਨੂੰ ਉਤਸ਼ਾਹ ਦੇਣ ਲਈ ਲਗਭਗ 5.7 ਅਰਬ ਯੂਰੋ (6.4 ਅਰਬ ਡਾਲਰ) ਨਾਲ ਇਕ ਫੰਡ ਸ਼ੁਰੂ ਕੀਤਾ ਹੈਅਤੇ ਕੁਝ ਪੈਸੇ ਦੀ ਵਰਤੋਂ ਭਾਈਵਾਲ ਦੇਸ਼ਾਂ ਨੂੰ ਹਥਿਆਰ ਅਤੇ ਫੌਜੀ ਸਿਖਲਾਈ ਲਈ ਕੀਤੀ ਜਾ ਸਕਦੀ ਹੈ।

ਓਧਰ ਫਰਾਂਸ ਨੇ ਹੋਰ ਯੂਰਪੀਨ ਦੇਸ਼ਾਂ ਵਾਂਗਰੂਸੀ ਜਹਾਜ਼ਾਂ ਲਈ ਆਪਣੇ ਹਵਾਈ ਖੇਤਰ ਬੰਦ ਕਰਨ ਦਾ ਐਲਾਨ ਕੀਤਾ ਹੈ। ਇਸ ਨਾਲ ਪੱਛਮੀ ਦੇਸ਼ ਯੂਕਰੇਨ ਉੱਤੇ ਹਮਲੇ ਦਾ ਹੁਕਮ ਦੇਣ ਵਾਲੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਉੱਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।ਇਸ ਤੋਂ ਪਹਿਲਾਂ, ਜਰਮਨੀ, ਆਸਟਰੀਆ, ਇਟਲੀ, ਚੈੱਕ ਗਣਰਾਜ, ਪੋਲੈਂਡ, ਸਲੋਵੇਨੀਆ, ਐਸਟੋਨੀਆ, ਲਾਤਵੀਆ, ਲਿਥੁਆਨੀਆ, ...ਬਾਕੀ ਪੰਨਾ 3 'ਤੇ


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਯੂਰਪੀ ਯੂਨੀਅਨ ਯੂਕਰੇਨ ਨੂੰ ਹਥਿਆਰ ਖਰੀਦ ਲਈ 450 ਮਿਲੀਅਨ ਯੂਰੋ ਦੀ ਮਦਦ ਦੇਵੇਗਾ

ਪੰਨਾ 1 ਦਾ ਬਾਕੀ...

ਰੋਮਾਨੀਆ ਅਤੇ ਲਕਜ਼ਮਰਗ ਨੇ ਰੂਸ ਦੇ ਜਹਾਜ਼ਾਂ ਲਈ ਆਪੋ-ਆਪਣੇ ਹਵਾਈ ਖੇਤਰ ਬੰਦ ਕੀਤੇ ਸਨ। ਫਰਾਂਸ ਦੇ ਟਰਾਂਸਪੋਰਟ ਮੰਤਰੀ ਜਿਆਂ-ਬੈਪਸਿਸਟ ਜੇਬਾਰੀ ਨੇ ਐਤਵਾਰ ਨੂੰ ਟਵੀਟ ਕੀਤਾ ਕਿ ਯੂਰਪਦੀਯੂਕਰੇਨ ਉੱਤੇਰੂਸੀ ਹਮਲੇ ਵਿਰੁੱਧ ਸਾਂਝੀ ਪ੍ਰਤੀਕਿਰਿਆ ਹੈ।

ਦੂਸਰੇ ਪਾਸੇ ਜਾਪਾਨ ਨੇ 'ਸਵਿਫਟ' ਇੰਟਰਨੈਸ਼ਨਲ ਫਾਈਨੈਂਸ਼ੀਅਲ ਮੈਸੇਜ ਸਿਸਟਮ ਤੋਂਰੂਸੀ ਬੈਂਕਾਂ ਨੂੰ ਕੱਢਣ ਦੇ ਫੈਸਲੇਵਿੱਚ ਅਮਰੀਕਾ ਅਤੇ ਯੂਰਪੀਨ ਦੇਸ਼ਾਂ ਦਾ ਸਾਥ ਦੇਣ ਦਾ ਫੈਸਲਾ ਲਿਆ ਹੈ। ਜਾਪਾਨ ਦੇ ਪ੍ਰਧਾਨ ਮੰਤਰੀ ਫੁਮਿਓ ਕਿਸ਼ਿਦਾ ਨੇ ਕਿਹਾ ਕਿਯੂਕਰੇਨ ਉੱਤੇਰੂਸੀ ਹਮਲੇ ਕਾਰਨ ਉਸ ਉੱਤੇ ਪਾਬੰਦੀ ਲਾਉਣ ਦਾ ਇਹ ਕਦਮ ਚੁੱਕਿਆ ਹੈ ਤੇਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਹੋਰ ਰੂਸੀ ਅਧਿਕਾਰੀਆਂ ਦੀਆਂ ਜਾਇਦਾਦਾਂ ਵੀ ਜਾਪਾਨ ਜ਼ਬਤ ਕਰੇਗਾ ਅਤੇਯੂਕਰੇਨ ਨੂੰ ਇਕ ਕਰੋੜ ਅਮਰੀਕੀ ਡਾਲਰ ਦੀ ਐਮਰਜੈਂਸੀ ਸਹਾਇਤਾ ਦੇਵੇਗਾ।

# ਕੈਨੇਡਾ ਅਮਰੀਕਾ ਚ ਵੱਸਦੇ ਪੰਜਾਬੀ ਵਿਰਾਸਤ ਲਈ ਪੰਜਾਬ ਨਾਲੋਂ ਵਧੇਰੇ ਸੁਚੇਤ- ਇੰਦਰਜੀਤ ਸਿੰਘ ਬੱਲ

ਲੁਧਿਆਣਾ 27 ਫਰਵਰੀ ( ਗਿਆਨ ਸਿੰਘ ) ਟੋਰਂਟੋ (ਕੈਨੇਡਾ ) ਵੱਸਦੇ ਸਿਰਕੱਢ ਪੰਜਾਬੀ ਸਮਾਜ ਦੇ ਆਗੂ ਸ ਇੰਦਰਜੀਤ ਸਿੰਘ ਬੱਲ ਨੇ ਆਪਣੀ ਲੁਧਿਆਣਾ ਫੇਰੀ ਦੌਰਾਨ ਕਿਹਾ ਹੈ ਕਿ ਅਮਰੀਕਾ ਕੈਨੇਡਾ ਚ ਵੱਸਦੇ ਪੰਜਾਬੀ ਆਪਣੀ ਵਿਰਾਸਤ ਅਤੇ ਕਦਰਾਂ ਕੀਮਤਾਂ ਲਈ ਇਧਰਲੇ ਪੰਜਾਬ ਨਾਲੋਂ ਵਧੇਰੇ ਸੁਚੇਤ ਹਨ। ਉਨ੍ਹਾਂ ਇਸ ਦਾ ਕਾਰਨ ਸਪਸ਼ਟ ਕਰਦਿਆਂ ਕਿਹਾ ਕਿ ਇਨ੍ਹਾਂ ਵਿਕਸਤ ਮੁਲਕਾਂ ਵਿੱਚ 125 ਸਾਲ ਪਹਿਲਾਂ ਗਈ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨੂੰ ਉਥੇ ਵੱਸਣ, ਸਤਿਕਾਰ ਯੋਗ ਸਥਾਨ ਹਾਸਲ ਕਰਨ ਅਤੇ ਨਸਲੀ ਵਿਤਕਰੇ ਦੇ ਨਾਲ ਨਾਲ ਗੁਲਾਮੀ ਦਾ ਵੀ ਅਹਿਸਾਸ ਸੀ ਪਰ ਕਰੜੀ ਮਿਹਨਤ ਅਤੇ ਸੰਘਰਸ਼ ਨਾਲ ਉਹ ਉਥੋਂ ਦੇ ਸੰਸਾਰ ਵਿੱਚ ਸਨਮਾਨਿਤ ਸ਼ਹਿਰੀ ਬਣ ਗਏ। ਰੋਟੀ ਕੱਪੜਾ ਤੇ ਮਕਾਨ ਦੀਆਂ ਲੋੜਾਂ



ਪੂਰੀਆਂ ਕਰਨ ਤੋਂ ਬਾਅਦ ਹੀ ਵਿਰਸਾ ਤੇ ਵਿਰਾ-ਸਤ ਸੰਭਾਲਣ ਦੀ ਸੋਝੀ ਆਉਂਦੀ ਹੈ।

ਸ ਬੱਲ ਨੇ ਕਿਹਾ ਕਿ ਪਿਛਲੇ 50 ਸਾਲ ਤੋਂ ਕੈਨੇਡਾ ਵੱਸਣ ਦੇ ਆਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ, ਫ਼ਲਸਫੇ, ਸੰਗੀਤ , ਸਾਹਿੱਤ ਤੇ ਕੋਮਲ ਕਲਾਵਾਂ ਵਿੱਚ ਚੋਖੀ ਦਿਲਚਸਪੀ ਹੈ। ਉਥੇ ਵਿਰਾਸਤੀ ਮੇਲੇ, ਸੰਗੀਤ ਤੇ ਨਾਟਕ ਪੇਸ਼ਕਾਰੀਆਂ ਵਿੱਚ ਪੰਜਾਬੀ ਪਰਿਵਾਰਾਂ ਦੀ ਸ਼ਮੂਲੀਅਤ ਵਧ ਰਹੀ ਹੈ। ਸਾਡੇ ਕੋਲ ਪੂਰੇ ਕੈਨੇਡਾ ਚ ਨਿਰੋਲ ਪੰਜਾਬੀ ਰੇਡੀਉ ਤੇ ਟੀ ਵੀ ਚੈਨਲਜ਼ ਵੀ ਸੌ ਤੋਂ ਵਧੇਰੇ ਹਨ ਜਿੰਨ੍ਹਾਂ ਨੂੰ ਪੂਰੇ ਵਿਸ਼ਵ ਚ ਸੁਣਿਆ ਜਾਂਦਾ ਹੈ।

ਸਃ ਬੱਲ ਆਪਣੇ ਜੱਦੀ ਪਿੰਡ ਬੁਤਾਲਾ (ਕਪੂਰਥਲਾ) ਵਿੱਚ ਆਪਣੀ ਜੀਵਨ ਸਾਥਣ ਸੁਰਿੰਦਰ ਕੌਰ ਸਮੇਤ ਲਗਪਗ ਦੋ ਮਹੀਨੇ ਗੁਜ਼ਾਰ ਕੇ ਕੈਨੇਡਾ ਗਏ। ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਸ ਇੰਦਰਜੀਤ ਸਿੰਘ ਬੱਲ ਅਤੇ ਉਨ੍ਹਾਂ ਦੀ ਜੀਵਨ ਸਾਥਣ ਸੁਰਿੰਦਰ ਕੌਰ ਨੂੰ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

# ਪੁਤਿਨ ਵੱਲੋਂ ਪ੍ਰਮਾਣੂ ਫੋਰਸਿਜ਼ ਹਾਈ ਐਲਰਟ ਉੱਤੇ, ਤਣਾਅ ਵਿੱਚ ਹੋਇਆ ਹੋਰ ਵਾਧਾ



ਪੰਨਾ 1 ਦਾ ਬਾਕੀ...

ਵਿੱਚ ਨਾ ਬਦਲ ਜਾਵੇ।

ਅਮਰੀਕਾ ਦੇ ਸੀਨੀਅਰ ਡਿਫੈਂਸ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖੇ ਜਾਣ ਦੀ ਸ਼ਰਤ ਉੱਤੇ ਦੱਸਿਆ ਕਿ ਰੂਸੀ ਆਗੂ ਆਪਣੀ ਤਾਕਤ ਦਾ ਮੁਜ਼ਾਹਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਜੇ ਥੋੜ੍ਹੀ ਬਹੁਤ ਵੀ ਗੜਬੜ ਹੋਈ ਤਾਂ ਹਾਲਾਤ ਵਿਗੜ ਸਕਦੇ ਹਨ ਤੇ ਹੋਰ ਜ਼ਿਆਦਾ ਖਤਰਨਾਕ ਹੋ ਸਕਦੇ ਹਨ। ਵੱਧ ਰਹੇ ਤਣਾਅ ਦਰਮਿਆਨ ਪੱਛਮੀ ਦੇਸ਼ਾਂ ਦਾ ਕਹਿਣਾ ਹੈ ਕਿ ਉਹ ਰੂਸ ਉੱਤੇ ਪਾਬੰਦੀਆਂ ਸਖ਼ਤ ਕਰਨਗੇ ਤੇ ਯੂਕਰੇਨ ਲਈ ਹਥਿਆਰ ਖਰੀਦ ਕੇ ਉੱਥੇ ਤੱਕ ਪਹੁੰਚਾਉਣਗੇ।ਇਨ੍ਹਾਂ ਹਥਿਆਰਾਂ ਵਿੱਚ ਉਹ ਸਟਿੰਗਰ ਮਿਜ਼ਾਈਲਾਂ ਵੀ ਸ਼ਾਮਲ ਹੋਣਗੀਆਂ ਜਿਹੜੀਆਂ ਹੈਲੀਕਾਪਟਰ ਤੇ ਹੋਰ ਜਹਾਜ਼ਾਂ ਨੂੰ ਫੁੰਡ ਸਕਣਗੀਆਂ।

ਇਸ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਹ ਬੇਲਾਰੂਸ ਦੀ ਸਰਹੱਦ ਉੱਤੇ ਰੂਸ ਦੇ ਵਫਦ ਨਾਲ ਮੁਲਾਕਾਤ ਕਰਨ ਲਈ ਤਿਆਰ ਹਨ।ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਮੀਟਿੰਗ ਹੋਵੇਗੀ ਵੀ ਜਾਂ ਨਹੀਂ।ਇਹ ਵੀ ਪਤਾ ਨਹੀਂ ਲੱਗਿਆ ਹੈ ਕਿ ਯੂਕਰੇਨ ਉੱਤੇ ਹਮਲੇ ਤੋਂ ਕ੍ਰੈਮਲਿਨ ਕੀ ਚਾਹੁੰਦਾ ਹੈ।ਪੱਛਮੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਪੁਤਿਨ ਅਸਲ ਵਿੱਚ ਯੂਕਰੇਨ ਦੀ ਸਰਕਾਰ ਨੂੰ ਗੱਦੀਓਂ ਲਾਹ ਕੇ ਆਪਣੀ ਪਸੰਦ ਦੀ ਸਰਕਾਰ ਲਿਆਉਣੀ ਚਾਹੁੰਦੇ ਹਨ।

# ਬਹਿਬਲ ਕਲਾਂ ਗੋਲੀਕਾਂਡ ਦੀ ਸੁਣਵਾਈ 11 ਮਾਰਚ ਤੱਕ ਮੁਲਤਵੀ

ਫ਼ਰੀਦਕੋਟ, 27 ਫਰਵਰੀ (ਪੋਟਸ ਬਿਊਰੋ)- ਐਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਵਿੱਚ ਬਹਿਬਲ ਕਲਾਂ ਗੋਲੀਕਾਂਡ ਦੀ ਸੁਣਵਾਈ ਮੌਕੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਤੋਂ ਬਿਨਾਂ ਬਾਕੀ ਦੋਸ਼ੀ ਹਾਜ਼ਰ ਸਨ। ਐਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਨੇ ਕੇਸ ਦੀ ਸੁਣਵਾਈ 11 ਮਾਰਚ ਨੂੰ ਤੈਅ ਕੀਤੀ ਹੈ।

ਬਹਿਬਲ ਕਲਾਂ ਗੋਲੀਕਾਂਡ ਵਿੱਚ ਦੋਸ਼ੀ ਵਜੋਂ ਨਾਮਜ਼ਦ ਹੋਏ ਪੁਲਸ ਅਫਸਰਾਂ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਸੀ ਕਿ ਐਡੀਸ਼ਨਲ ਸੈਸ਼ਨ ਜੱਜ ਫ਼ਰੀਦਕੋਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਬਹਿਬਲ ਕਲਾਂ ਗੋਲੀਕਾਂਡ ਦਾ ਚਲਾਨ ਰੱਦ ਕੀਤਾ ਜਾਵੇ ਅਤੇ ਜਿੰਨਾ ਚਿਰ ਤੱਕ ਪਟੀਸ਼ਨ ਚੱਲਦੀ ਹੈ, ਓਨਾ ਚਿਰ ਫ਼ਰੀਦਕੋਟ ਦੀ ਅਦਾਲਤ ਵਿੱਚ ਚੱਲਦੇ ਕੇਸ ਦੀ ਸੁਣਵਾਈ ਉਤੇ ਰੋਕ ਲਾਈ ਜਾਵੇ। ਹਾਲ ਦੀ ਘੜੀ ਹਾਈ ਕੋਰਟ ਨੇ ਕੇਸ ਦੀ ਸੁਣਵਾਈ ਉਤੇ ਰੋਕ ਲਾਉਣ ਤੋਂ ਇਨਕਾਰ ਕਰ ਕੇ ਇਸ ਪਟੀਸ਼ਨ ਉੱਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਤੇ ਦੋ ਹਫ਼ਤਿਆਂ ਵਿੱਚ ਇਸ ਦਾ ਜਵਾਬ ਅਦਾਲਤ ਵਿੱਚ ਪੇਸ਼ ਕਰਨ ਨੂੰ ਕਿਹਾ ਹੈ। ਦੋਸ਼ੀਆਂ ਨੇ ਹਾਈ ਕੋਰਟ ਵਿੱਚ ਪੇਸ਼ ਪਟੀਸ਼ਨ ਵਿੱਚ ਕਿਹਾ ਹੈ ਕਿ ਬਹਿਬਲ ਕਲਾਂ ਗੋਲੀਕਾਂਡ ਵਿੱਚ ਉਨ੍ਹਾਂ ਨੂੰ ਝੂਠਾ ਅਤੇ ਸਿਆਸੀ ਕਾਰਨਾਂ ਕਰਕੇ ਫ਼ਸਾਇਆ ਗਿਆ ਹੈ। ਇਸ ਕੇਸ ਵਿੱਚ ਸਾਬਕਾ ਡੀ ਜੀ ਪੀ ਸੁਮੇਧ ਸੈਣੀ, ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ, ਐਸ ਪੀ ਬਿਕਰਮ ਸਿੰਘ ਅਤੇ ਥਾਣਾ ਬਾਜਾਖਾਨਾ ਦੇ ਐਸ ਐਚ ਓ ਅਮਰਜੀਤ ਸਿੰਘ ਕੁਲਾਰ ਦੋਸ਼ੀ ਨਾਮਜ਼ਦ ਹਨ। ਪੁਲਸ ਅਫਸਰਾਂ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਕਿ 14 ਅਕਤੂਬਰ 2015 ਨੂੰ ਹਥਿਆਰਬੰਦ ਭੀੜ ਨੇ ਪੁਲਸ ਉਪਰ ਹਮਲਾ ਕੀਤਾ ਸੀ ਤੇ ਜਾਂਚ ਟੀਮ ਨੇ ਹਮਲਾਵਰਾਂ ਉਪਰ ਕਾਰਵਾਈ ਕਰਨ ਦੀ ਥਾਂ ਇਸ ਕੇਸ ਵਿੱਚ ਪੁਲਸ ਅਧਿਕਾਰੀਆਂ ਨੂੰ ਹੀ ਦੋਸ਼ੀ ਵਜੋਂ ਨਾਮਜ਼ਦ ਕਰ ਦਿੱਤਾ।

# ਮਹਿੰਦਰ ਸਾਥੀ ਯਾਦਗਾਰੀ ਮੰਚ ਵਲੋਂ ਪ੍ਰਸਿੱਧ ਸ਼ਾਇਰ ਅਜ਼ੀਮ ਸ਼ੇਖਰ (ਯੂ ਕੇ) ਨਾਲ ਰੂਬਰੂ

ਮੋਗਾ 27 ਫਰਵਰੀ(ਪੋਸਟ ਬਿਉਰੋ ) ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਰਹਿੰਦੇ ਪ੍ਰਸਿੱਧ ਸ਼ਾਇਰ ਅਜ਼ੀਮ ਸ਼ੇਖਰ ਨਾਲ ਮਹਿੰਦਰ ਸਾਥੀ ਯਾਦਗਾਰੀ ਮੰਚ ਵਲੋਂ ਮੋਗਾ ਵਿਖੇ ਰੂਬਰੂ ਕਰਵਾਇਆ ਗਿਆ। ਮੰਚ ਦੇ ਪ੍ਰਧਾਨ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਸ਼ੇਖਰ ਬਾਰੇ ਸੰਖੇਪ ਜਾਣਕਾਰੀ ਦਿੰਦਿਆ ਦੱਸਿਆ ਕਿ ਉਹ 'ਸੁੱਕੀ ਨਦੀ ਦੀ ਰੇਤ' 'ਮੁੰਦਰਾਂ' ਅਤੇ 'ਹਵਾ ਨਾਲ ਖੁੱਲਦੇ ਬੂਹੇ' ਨਾਂ ਦੇ ਤਿੰਨ ਗ਼ਜ਼ਲ ਸੰਗ੍ਰਿਹ ਪੰਜਾਬੀ ਸਾਹਿਤ ਜਗਤ ਨੂੰ ਦੇ ਚੁੱਕੇ ਹਨ। ਕੜਿਆਲਵੀ ਨੇ ਸਮਾਗਮ ਵਿੱਚ ਆਏ ਸਾਹਿਤਕਾਰਾਂ ਦਾ ਸਵਾਗਤ ਕੀਤਾ।



ਮੰਚ ਸੰਚਾਲਨ ਕਰ ਰਹੇ ਜਨਰਲ ਸਕੱਤਰ ਰਣਜੀਤ ਸਰਾਂਵਾਲੀ ਨੇ ਸ਼ੇਖਰ ਦੀ ਰਚਨਾਕਾਰੀ ਅੰਦਰਲੀ ਸੂਖਮਤਾ, ਸਹਿਜਤਾ ਅਤੇ ਸ਼ੰਵੇਦਨਸ਼ੀਲਤਾ ਦੀ ਗੱਲ ਕੀਤੀ। ਰਣਜੀਤ ਨੇ ਸ਼ੇਖਰ ਵਲੋਂ ਕਿਸਾਨੀ ਸੰਘਰਸ਼ ਦੌਰਾਨ ਨਿਭਾਈ ਜਿੰਮੇਵਾਰੀ ਦੀ ਭਰਪੂਰ ਸ਼ਲਾਘਾ ਕੀਤੀ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰਸਿੱਧ ਸਾਹਿਤਕਾਰ ਸ੍ਰੀ ਕੇ ਐਲ ਗਰਗ ਨੇ ਅਜ਼ੀਮ ਸ਼ੇਖਰ ਨੂੰ ਲੋਕ ਮਨਾਂ ਵਿੱਚ ਵਸ ਜਾਣ ਵਾਲਾ ਸ਼ਾਇਰ ਆਖਦਿਆਂ ਉਸਦੀਆਂ ਰਚਨਾਵਾਂ ਵਿਚਲੇ ਲੋਕ ਪੱਖੀ ਮੁਹਾਵਰੇ ਦੀ ਪ੍ਰਸੰਸਾ ਕੀਤੀ।

ਮਹਿਮਾਨ ਸ਼ਾਇਰ ਅਜ਼ੀਮ ਸ਼ੇਖਰ ਨੇ ਆਪਣੇ ਜੀਵਨ ਸਫਰ ਬਾਰੇ ਦੱਸਿਆ ਕਿ ਉਸਦਾ ਪਰਿਵਾਰ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸੀ। ਸਰਦਾਰ ਭਗਤ ਸਿੰਘ ਦੇ ਛੋਟੇ ਭਰਾ ਕੁਲਵੀਰ ਸਿੰਘ ਪਰਿਵਾਰ ਦੇ ਬਹੁਤ ਕਰੀਬੀ ਰਹੇ। ਪਰਿਵਾਰ ਵਿਚ ਪੜ੍ਹਨ ਲਿਖਣ ਦਾ ਮਾਹੌਲ ਸੀ ਜਿਸਨੇ ਉਸਨੂੰ ਸਾਹਿਤ ਨਾਲ ਜੋੜਿਆ। ਸ਼ੇਖਰ ਨੇ ਕਿਹਾ ਕਿ ਉਹ ਸਾਹਿਤ ਨੂੰ ਪ੍ਰਵਾਸੀ, ਆਵਾਸੀ, ਦਲਿਤ ਸਾਹਿਤ ਜਾਂ ਨਾਰੀਵਾਦੀ ਸਾਹਿਤ ਜਿਹੇ ਚੌਖਟਿਆਂ ਵਿਚ ਵੰਡਣ ਦਾ ਹਿਮਾਇਤੀ ਨਹੀਂ ਹੈ।

ਸ਼ਾਇਰ ਅਜ਼ੀਮ ਸ਼ੇਖਰ ਨੇ ਇਸ ਸਮੇ ਆਪਣੀ ਮਨਪਸੰਦ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਸਦੇ ਸ਼ੇਅਰਾਂ, ਦਿੰਦੈ ਜਨੂੰਨ ਕਿੱਦਾਂ ਆਕੜ ਨੂੰ ਮਾਤ ਵੇਖ। ਜੁਗਨੂੰ ਦੇ ਸ਼ੌਕ ਕਰਕੇ ਸਹਿਮੀ ਜੋ ਰਾਤ ਵੇਖ। ਚੇਹਰਾ ਤਾਂ ਵੇਖਦਾ ਹੈਂ ਸ਼ੀਸ਼ੇ 'ਚੋਂ ਅਪਣਾ ਰੋਜ਼, ਜੇਰਾ ਹੈ ਤਾਂ ਕਦੀ ਤੂੰ ਅਪਣੀ ਔਕਾਤ ਵੇਖ।' ਨੇ ਸਰੋਤਿਆਂ ਨੂੰ ਹਲੂਣ ਦਿੱਤਾ।

ਮਹਿੰਦਰ ਸਾਥੀ ਯਾਦਗਾਰੀ ਮੰਚ ਵਲੋਂ ਸ਼ੇਖਰ ਨੂੰ ਲੋਈ, ਸਨਮਾਨ ਪੱਤਰ ਅਤੇ ਪੁਸਤਕਾਂ ਦੇ ਸਨਮਾਨਿਤ ਕੀਤਾ। ਇਸ ਮੌਕੇ ਨੌਜਵਾਨ ਆਲੋਚਕ ਪ੍ਰੋ ਗੁਰਜੀਤ ਸਿੰਘ ਸੰਧੂ ਨੇ ਕਿਹਾ ਕਿ ਜਿਹੜੀ ਰਚਨਾ ਕੁੱਝ ਨਵਾਂ ਨਹੀਂ ਲੈ ਕੇ ਆਉਂਦੀ, ਉਸਦੀ ਕੋਈ ਸਾਰਥਿਕਤਾ ਨਹੀਂ ਹੁੰਦੀ। ਉਹ ਚਿਰ ਸਥਾਈ ਰਚਨਾ ਬਣਨ ਦੇ ਸਮਰੱਥ ਨਹੀਂ ਹੁੰਦੀ।

ਸਮਾਗਮ ਦੌਰਾਨ ਕਵੀ ਦਰਬਾਰ ਵਿਚ ਕਰਨਲ ਬਾਬੂ ਸਿੰਘ, ਸੁਰਜੀਤ ਸਿੰਘ ਕਾਉਂਕੇ,ਜਗੀਰ ਖੋਖਰ, ਮੰਚ ਦੇ ਸਲਾਹਕਾਰ ਤੇ "ਰਾਜ ਕਰੇਂਦੇ ਰਾਜਿਆ" ਦੇ ਸਿਰਜਕ ਅਮਰ ਸੂਫੀ, ਪਰਮਜੀਤ ਚੂਹੜਚੱਕ, ਅਸ਼ੋਕ ਚੁਟਾਨੀ, ਹਰਵਿੰਦਰ ਸਿੰਘ ਬਿਲਾਸਪੁਰ, ਗੁਰਦੀਪ ਲੋਪੋ, ਚਰਨਜੀਤ ਸਿੰਘ ਸਮਾਲਸਰ, ਪ੍ਰੇਮ ਕੁਮਾਰ, ਰਾਜਵਿੰਦਰ ਰੌਂਤਾ, ਗੁਰਦੇਵ ਸਿੰਘ ਦਰਦੀ, ਅਮਰਜੀਤ ਸਨੇਰਵੀ, ਜਿਲਾ ਭਾਸ਼ਾ ਅਫਸਰ ਡਾ ਅਜੀਤਪਾਲ, ਨਰਿੰਦਰ ਰੂਹੀ, ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੰਚ ਦੇ ਸਕੱਤਰ ਧਾਮੀ ਗਿੱਲ, ਸਕੱਤਰ ਇਕਬਾਲ ਦੁੱਨੇਕੇ, ਵਿੱਤ ਸਕੱਤਰ ਗੁਰਪ੍ਰੀਤ ਧਰਮਕੋਟ, ਨਾਵਲਕਾਰ ਕ੍ਰਿਸ਼ਨ ਪ੍ਰਤਾਪ, ਅਵਤਾਰ ਕਮਾਲ, ਕਹਾਣੀਕਾਰ ਜਸਬੀਰ ਸਿੰਘ ਕਲਸੀ, ਗਿਆਨ ਸਿੰਘ ਸੇਵਾਮੁਕਤ ਡੀ ਪੀ ਆਰ ਓ, ਨਾਟਕਕਾਰ ਮੋਹੀ ਅਮਰਜੀਤ ਅਤੇ ਪ੍ਰਦੀਪ ਰੱਖਰਾ ਨੇ ਵੀ ਹਾਜ਼ਰੀ ਲਗਵਾਈ।


IMMIGRATION SERVICES INCLUDE
Express Entry
Visitor Visa | Super Visa
Work Permit
Study Permit
Spousal Sponsorship
PNP Nominations
LMIA
WE SPECIALIZE IN HUMANITARIAN AND COMPASSIONATE APPLICATIONS
DRAKE IMMIGRATION SOLUTIONS
AUTHORIZED AGENT FOR MITT
MANITOBA INSTITUTE OF TRADES & TECHNOLOGY
(204) 558-9750 www.drakeimmigration.ca
Toronto Office: 98 Gallucci Cres Brampton, ON L6P 1R7
Winnipeg Office: Centro Caboto Centre 128-1055 Wilkes Ave, Winnipeg, MB R3P 2L7

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd. Seema Bhayana
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਣਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Forklift Training
Forklift $79 Recertification
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ

ਦਿੱਸਦਾ ਸੋਹਣਾ ਸੀ ਬੜਾ ਸੰਸਾਰ ਸੁਖੀਆ,
ਅਚਾਨਕ ਛੇੜਿਆਪੂਤਿਨ ਨੇ ਯੁੱਧ ਮੀਆਂ।
ਕੁਝ-ਕੁਝ ਪੂਤਿਨ ਦਾ ਕਰਨ ਵਿਰੋਧ ਸਿੱਧਾ,
ਕਈ ਆ ਬਾਇਡੇਨ ਦੇ ਹੋਏ ਵਿਰੁੱਧ ਮੀਆਂ।
ਸਭ ਦੀ ਅਕਲ'ਤੇ ਹੋਈ ਪਈ ਜੰਗ ਭਾਰੂ,
ਬਾਕੀ ਬਾਤਾਂ ਦੀ ਭੁੱਲੀ ਪਈ ਸੁੱਧ ਮੀਆਂ।
ਚਰਚਾ ਟੈਂਕਾਂ-ਮਿਜ਼ਾਈਲਾਂ ਦੀ ਇੰਜ ਹੁੰਦੀ,
ਗਵਾਚੀ ਲੱਗਦੀ ਇਨਸਾਨ ਦੀ ਬੁੱਧ ਮੀਆਂ।
ਜਿਹੜੇ ਮਾਪਿਆਂ ਦੇ ਗਏ ਹਨ ਪੜ੍ਹਨ ਬੱਚੇ,
ਮੁੜ-ਮੁੜ ਵਿਲਕਦੇ, ਕੋਲ ਨਾ ਜਾਣ ਜੋਗੇ।
ਓਧਰ ਬੁਰਕੀ ਨੂੰ ਤਰਸ ਰਹੇ ਪੁੱਤ-ਧੀਆਂ,
ਸਾਹਮਣੇ ਪਈ ਇਹ ਇੱਥੇ ਨਾ ਖਾਣ ਜੋਗੇ।

**ਤੀਸ ਮਾਰ ਖਾਂ**

# ਯੂਕਰੇਨ ਸੰਕਟ ਦਾ ਅਸਰ, ਪੰਜਾਬ ਦੀ ਸਨਅਤ ਲਈ ਸਟੀਲ ਤੇ ਸਕਰੈਪ ਦੇ ਰੇਟ 1400 ਰੁਪਏ ਪ੍ਰਤੀ ਟਨ ਚੜ੍ਹ ਗਏ

* ਪੰਜਾਬ ਤੋਂ ਯੂਕਰੇਨ ਭੇਜੇ ਚੌਲਾਂ ਦੇ ਟਰੱਕ ਰਾਹ ਵਿੱਚ ਫਸੇ * ਕਰੋੜਾਂ ਦੇ ਨੁਕਸਾਨ ਦੇ ਡਰ ਨੇ ਵਪਾਰੀਆਂ ਦੇ ਸਾਹ ਸੁਕਾਏ

ਚੰਡੀਗੜ੍ਹ, 27 ਫਰਵਰੀ, (ਪੋਸਟ ਬਿਊਰੋ)- ਰੂਸਅਤੇ ਯੂਕਰੇਨ ਵਿੱਚ ਚੱਲ ਰਹੀ ਜੰਗ ਦਾ ਅਸਰ ਇੱਕਦਮ ਪੰਜਾਬ ਦੇ ਸਟੀਲ ਉਦਯੋਗ ਉੱਤੇਪੈਣਾ ਸ਼ੁਰੂ ਹੋ ਗਿਆ ਹੈ। ਇੱਕੋ ਹਫਤੇ ਵਿੱਚ ਹੀ ਸਟੀਲ ਤੇ ਸਕਰੈਪ ਦੇ ਰੇਟ 1400 ਰੁਪਏ ਪ੍ਰਤੀ ਟਨ ਤਕ ਵਧ ਗਏ ਹਨ। ਜੇ ਜੰਗ ਲਮਕ ਗਈ ਤਾਂ ਇਹ ਭਾਅ ਹੋਰ ਵਧ ਸਕਦੇ ਹਨ। ਇੱਕ ਫਰਵਰੀ ਤੋਂ ਅੱਜ ਤਕ ਪ੍ਰਤੀ ਟਨ 2700 ਰੁਪਏ ਰੇਟ ਵਧ ਚੁੱਕੇ ਹਨ ਅਤੇ ਲਗਾਤਾਰ ਵਧੀ ਜਾ ਰਹੇ ਹਨ।

ਪੰਜਾਬ ਦੇ ਸਟੀਲ ਸਿਟੀ ਮੰਡੀ ਗੋਬਿੰਦਗੜ੍ਹ ਵਿੱਚ ਲਗਪਗ 400 ਯੂਨਿਟ ਹਨ, ਇਨ੍ਹਾਂ ਵਿੱਚ 120 ਫਰਨੇਸ, 150 ਰੋਲਿੰਗ ਮਿੱਲਾਂ, 50 ਪਾਈਪ ਪਲਾਂਟ ਅਤੇ 80 ਛੋਟੇ ਯੂਨਿਟ ਹਨ। ਇਨ੍ਹਾਂ ਸਾਰੇ ਯੂਨਿਟਾਂ ਨੂੰ ਯੂਕਰੇਨਅਤੇ ਰੂਸ ਸਣੇ ਕਈ ਯੂਰਪੀਨ ਦੇਸ਼ਾਂ ਤੋਂ ਸਕਰੈਪ ਦੀ ਸਪਲਾਈ ਲਗਾਤਾਰ ਹੁੰਦੀ ਹੈ, ਇਸ ਲਈ ਦੋ ਤੋਂ ਤਿੰਨ ਦਿਨਾਂ ਦਾ ਹੀ ਸਟੀਲ ਰੱਖਦੇ ਹਨ। ਬਹੁਤਾ ਸਟਾਕ ਨਾ ਰੱਖਣ ਦਾ ਕਾਰਨ ਇਹ ਹੈ ਕਿ ਸਟੀਲ ਦੇ ਭਾਅ ਲਗਾਤਾਰ ਵਧਦੇ-ਘਟਦੇ ਰਹਿੰਦੇ ਹਨ।

ਨਾਰਥ ਇੰਡੀਆ ਇੰਪੋਰਟ ਐਸੋਸੀਏਸ਼ਨ ਦੇ ਪ੍ਰਧਾਨ ਈਸ਼ੂ ਬਾਂਸਲ ਦੇ ਮੁਤਾਬਕ ਮੰਡੀ ਗੋਬਿੰਦਗੜ੍ਹਵਿੱਚ ਲਗਪਗ 10 ਹਜ਼ਾਰ ਟਨ ਸਕਰੈਪਰੋਜ਼ ਚਾਹੀਦਾ ਹੈ, ਜਿਸਵਿੱਚੋਂ 60 ਫੀਸਦੀ ਜਰਮਨੀ, ਨੀਦਰਲੈਂਡ, ਫਰਾਂਸ, ਪੋਲੈਂਡ, ਇਟਲੀ, ਬ੍ਰਿਟੇਨ, ਰੂਸਅਤੇ ਯੂਕਰੇਨ ਤੋਂ ਇਲਾਵਾ ਅਮਰੀਕਾ ਤੋਂ ਆਉਂਦਾ ਹੈ।ਇਹ ਸਾਰਾ ਸਕਰੈਪ ਮਿਡਲ ਈਸਟ ਦੇ ਸਮੁੰਦਰ ਰਸਤੇ ਆਉਂਦਾ ਹੈ, ਪਰ ਜੰਗ ਕਾਰਨ ਬਲੈਕ ਸੀਅ (ਕਾਲਾ ਸਾਗਰ) ਤੋਂ ਆਉਂਦੇ ਜਹਾਜ਼ਾਂ ਨੂੰ ਆਪਣਾ ਰੂਟ ਡਾਈਵਰਟ ਕਰਨਾ ਹੋਵੇਗਾ। ਇਸ ਨਾਲ ਸਕਰੈਪ ਆਉਣ ਵਿੱਚ ਦੇਰੀ ਹੋਵੇਗੀ ਤੇ ਖਰਚਾ ਵਧੇਗਾ। ਇਹੀ ਨਹੀਂ, ਸ਼ਿਪਿੰਗ ਕੰਪਨੀਆਂ ਨੇ ਯੂਕਰੇਨ ਲਈ ਤਿਆਰ ਮਾਲ ਦੇ ਬੁੱਕ ਕੀਤੇ ਸਾਰੇ ਕੰਟੇਨਰ ਰੋਕ ਦਿੱਤੇ ਹਨ।ਯੂਕਰੇਨ ਤੇ ਰੂਸਦੋਵੇਂ



ਦੇਸ਼ ਦੁਨੀਆ ਵਿੱਚ ਅਲਮੀਨੀਅਮ ਅਤੇ ਕਾਪਰ ਦੀ ਸਪਲਾਈ ਕਰਦੇ ਹਨ, ਜੇ ਜੰਗ ਜਾਰੀ ਰਹੀ ਤਾਂ ਇਸ ਨਾਲ ਲੋਹੇ ਦੇ ਭਾਅ ਵਧਣਗੇ ਅਤੇ ਇੰਡਸਟਰੀ ਨੂੰ ਕੱਚੇ ਮਾਲ ਦੀ ਕਮੀ ਹੋਵੇਗੀ। ਇੰਪੋਰਟ ਐਸੋਸੀਏਸ਼ਨ ਦੇ ਆਗੂਆਂ ਨੇ ਕਿਹਾ ਕਿ ਜੰਗ ਦੇ ਕਾਰਨ ਸ਼ਿਪਿੰਗ ਕੰਪਨੀਆਂ ਨਾਂਹ-ਨੁੱਕਰ ਕਰਦੀਆਂ ਹਨ ਅਤੇ ਉਨ੍ਹਾਂ ਨੇ ਇੰਸ਼ੋਰੈਂਸ ਕੀਮਤ ਵਧਾ ਦਿੱਤੀ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ।ਮੰਡੀ ਗੋਬਿੰਦਗੜ੍ਹ ਦੇਸਟੀਲ ਯੂਨਿਟਾਂ ਵਾਲਿਆਂ ਦਾ ਕਹਿਣਾ ਹੈ ਕਿ ਸਾਡੇ ਕੋਲ ਬਹੁਤੇ ਬਦਲ ਨਹੀਂ, ਅਸੀਂ ਕੰਮ ਬੰਦ ਨਹੀਂ ਕਰ ਸਕਦੇ, ਜੰਗ ਲੰਮੀ ਚੱਲੀ ਤਾਂ ਵੱਧ ਇੰਸ਼ੋਰੈਂਸ ਦੇ ਕੇ ਸਕਰੈਪਲੈਣਾ ਪਵੇਗਾ,ਕਿਉਂਕਿ ਆਰਡਰ ਪੂਰੇ ਕਰਨੇ ਹਨ, ਪਰ ਇਸ ਨਾਲ ਖਰਚਾ ਵਧੇਗਾ ਤੇ ਕੀਮਤਾਂ ਵਧ ਸਕਦੀਆਂ ਹਨ।

ਦੂਸਰੇ ਪਾਸੇ ਪੰਜਾਬ ਵਿੱਚ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਉੱਤੇਯੂਕਰੇਨ ਸੰਕਟ ਦਾ ਅਸਰ ਪਿਆ ਹੈ।ਯੂਕਰੇਨ ਉੱਤੇਰੂਸ ਦੇ ਹਮਲੇ ਕਾਰਨਐਕਸਪੋਰਟਰਜ਼ ਦੇ ਚੌਲਾਂ ਦੇ ਸਟਾਕ ਦੇ ਦੋ ਦਰਜਨ ਤੋਂ ਵੱਧ ਕੰਟੇਨਰ ਰਾਹ ਵਿੱਚ ਫਸ ਗਏ ਅਤੇ ਉਨ੍ਹਾ ਨਾਲ ਕਰੋੜਾਂ ਦੇ ਨੁਕਸਾਨ ਦਾ ਡਰ ਹੈ।ਏਧਰ ਪੰਜਾਬ ਵਿੱਚ ਸਬਜ਼ੀਆਂ ਤੇ ਰਿਫਾਈਂਡ ਤੇਲ, ਚੌਲ, ਆਟਾ ਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਣ ਲੱਗੀਆਂ ਹਨ। ਪਿਛਲੇ ਚਾਰ-ਪੰਜ ਦਿਨਾਂ ਦੌਰਾਨ ਇਨ੍ਹਾਂ ਵਸਤਾਂ ਦੀਆਂ ਕੀਮਤਾਂ ਵਿੱਚ ਘੱਟੋ-ਘੱਟ 15 ਫੀਸਦੀ ਵਾਧਾ ਹੋਇਆ ਹੈ।ਪੰਜਾਬ ਦੇ ਬਾਸਮਤੀ ਚੌਲਾਂ ਦੇ ਵੱਡੇਐਕਸਪੋਰਟਰ ਅਰਵਿੰਦਰਪਾਲ ਸਿੰਘ ਨੇ ਬੀਤੇ ਦਿਨੀਂਯੂਕਰੇਨ ਨੂੰ ਬਾਸਮਤੀ ਚੌਲ ਭੇਜੇ ਹਨ। ਜੰਗ ਸ਼ੁਰੂ ਹੋਣ ਵਾਲੇ ਦਿਨ ਛੇ ਕੰਟੇਨਰ ਯੂਕਰੇਨ ਦੀ ਇਕ ਬੰਦਰਗਾਹ ਉੱਤੇਲੱਗੇ ਸਨ। ਮੌਜੂਦਾ ਸਥਿਤੀ ਕਾਰਨ ਅੱਧੀ ਦਰਜਨ ਦੇ ਕਰੀਬ ਕੰਟੇਨਰ ਦੂਸਰੇ ਰੂਟਾਂ ਤੋਂਹੋਰ ਦੇਸ਼ਾਂ ਨੂੰ ਭੇਜੇ ਹਨ। ਉਨ੍ਹਾਂ ਨੂੰ ਕਰੋੜਾਂ ਰੁਪਏ ਦੇ ਨੁਕਸਾਨ ਦਾ ਡਰ ਹੋਣ ਕਾਰਨ ਕੇਂਦਰ ਤੋਂ ਇਸ ਬਾਰੇ ਦਖਲ ਦੀ ਮੰਗ ਕੀਤੀ ਹੈ।

## ਯੁਕਰੇਨ ਵਿੱਚ ਭਾਰਤੀ ਵਿਦਿਆਰਥੀਆਂ ਉੱਤੇ ਲਾਠੀਚਾਰਜ, ਬੰਦੂਕ ਦੀ ਨੋਕ ਉੱਤੇ ਧਮਕੀਆਂ

ਲਖਨਊ, 27 ਫਰਵਰੀ, (ਪੋਸਟ ਬਿਊਰੋ)- ਯੁਕਰੇਨ ਵਿੱਚ ਪੜ੍ਹਾਈ ਕਰਨ ਲਈ ਗਏ ਭਾਰਤੀ ਵਿਦਿਆਰਥੀ ਇਸ ਵੇਲੇ ਰੂਸ ਨਾਲ ਜੰਗ ਦੇ ਕਾਰਨ ਮੁਸੀਬਤਵਿੱਚ ਹਨ।ਜੰਗੀ ਮੁਸ਼ਕਲਾਂ ਦੌਰਾਨ ਯੂਕਰੇਨ ਦੇ ਸੈਨਿਕ ਆਪਣਾ ਗੁੱਸਾ ਭਾਰਤ ਦੇ ਵਿਦਿਆਰਥੀਆਂ ਉੱਤੇਵੀ ਕੱਢਦੇ ਹਨ। ਸ਼ਨੀਵਾਰ ਨੂੰ ਯੂਕਰੇਨ ਦੀ ਲਵੀਵ ਨੈਸ਼ਨਲ ਮੈਡੀਕਲ ਯੂਨੀਵਰਸਿਟੀ ਦੇ ਸੈਂਕੜੇ ਭਾਰਤੀ ਵਿਦਿਆਰਥੀਆਂ, ਜੋ ਪੋਲੈਂਡ ਰਸਤੇ ਸਰਹੱਦ ਪਾਰ ਕਰਨ ਪਹੁੰਚੇ ਸਨ, ਉੱਤੇ ਸੈਨਿਕਾਂ ਨੇ ਲਾਠੀਚਾਰਜ ਕੀਤਾ ਤੇ ਉਨ੍ਹਾਂ ਨੂੰ ਸਰਹੱਦ ਪਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਲਾਠੀਚਾਰਜ ਦੌਰਾਨ ਕਈ ਵਿਦਿਅਰਥੀਆਂ ਦੇ ਹੱਥ-ਪੈਰ ਟੁੱਟ ਗਏ ਤੇ ਜ਼ਖਮੀ ਵਿਦਿਆਰਥੀਆਂ ਦਾ ਇਲਾਜ ਵੀ ਨਹੀਂ ਹੋ ਰਿਹਾ। ਖਬਰਾਂ ਆਈਆਂ ਹਨ ਕਿ ਉਨ੍ਹਾਂ ਨੂੰ ਜਵਾਨਾਂ ਨੇ ਬੰਦੂਕ ਦੀ ਨੋਕ ਉੱਤੇ ਬੰਦੀ ਬਣਾਇਆ ਹੈ ਅਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਪੋਲੈਂਡ ਬਾਰਡਰ ਉੱਤੇ 10-12 ਘੰਟੇ ਲਾਈਨਵਿੱਚ ਖੜ੍ਹੇ ਰਹਿਣ ਤੋਂ ਬਾਅਦ ਭਾਰਤੀ ਵਿਦਿਆਰਥੀਆਂ ਨੂੰ ਕੁੱਟ ਕੇ ਭਜਾ ਦਿੱਤਾ ਗਿਆ। ਕਰੀਬ 200-300 ਵਿਦਿਆਰਥੀ ਪੋਲੈਂਡ ਸਰਹੱਦ ਤੋਂ ਲਵੀਵ ਸ਼ਹਿਰ ਵਿੱਚ ਆਪਣੇ ਹੋਸਟਲਾਂ ਤੇ ਬੰਕਰਾਂ ਵਿੱਚ ਵਾਪਸ ਚਲੇ ਗਏਅਤੇ ਸੈਂਕੜੇ ਵਿਦਿਆਰਥੀ ਅਜੇ ਪੋਲੈਂਡ ਸਰਹੱਦ ਉੱਤੇ ਹਨ। ਐਤਵਾਰ ਨੂੰ ਯੂਨੀਵਰਸਿਟੀ ਦੀ ਪਹਿਲੇ ਸਾਲ ਦੀ ਵਿਦਿਆਰਥਣ ਖੁਸ਼ੀ ਚੌਹਾਨ ਨੇ ਭਾਰਤ ਦੇ ਇੱਕ ਅਖਬਾਰ ਦੇ ਦਫਤਰ ਫੋਨ ਕਰ ਕੇ ਸਾਰੀਗੱਲ ਦੱਸੀ ਹੈ। ਲਖਨਊ ਦੇ ਇੰਦਰਾਨਗਰ ਦੀ ਖੁਸ਼ੀ ਨੇ ਹਾਲੇ ਦੋ ਮਹੀਨੇ ਪਹਿਲਾਂ ਲਵੀਵ ਮੈਡੀਕਲ ਯੂਨੀਵਰਸਿਟੀ ਵਿੱਚਡਾਕਟਰੀ ਦੇ ਪਹਿਲੇ ਸਾਲ ਦਾ ਦਾਖਲਾ ਲਿਆ ਸੀ।ਉਸ ਨੇ ਦੱਸਿਆ ਕਿ ਉਨ੍ਹਾਂ ਕੋਲ ਰਾਸ਼ਨ ਖਤਮ ਹੋ ਰਿਹਾ ਹੈ ਤੇ ਸਥਿਤੀ ਬਹੁਤ ਖਰਾਬ ਹੈ। ਮੁੰਬਈਤੋਂ ਲਵੀਵ ਵਿੱਚ ਪੜ੍ਹਨ ਗਈ ਇਕ ਵਿਦਿਆਰਥਣ ਨੇ ਆਪਣੇ ਕਾਲਜ ਦੇ ਦੋਸਤਾਂ ਦੇ ਗਰੁੱਪਨੂੰ ਆਡੀਓ ਤੇ ਵੀਡੀਓ ਪਾ ਕੇ ਦੱਸਿਆ ਕਿ ਉਨ੍ਹਾਂ ਨਾਲ ਕੁਝ ਵੀ ਹੋ ਸਕਦਾ ਹੈ।ਯੂਕਰੇਨ ਸਰਕਾਰ ਨੇ ਪੋਲੈਂਡ ਸਰਹੱਦ ਤੋਂ ਭਾਰਤੀ ਵਿਦਿਆਰਥੀਆਂ ਨੂੰ ਕੱਢਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੂੰ ਦੱਸਿਆ ਗਿਆਕਿ ਸਰਹੱਦ ਮੁਫ਼ਤ ਪਾਰ ਕੀਤੀ ਜਾਵੇਗੀ। ਜਦੋਂ ਵਿਦਿਆਰਥੀ ਪੋਲੈਂਡ ਸਰਹੱਦ ਉੱਤੇ ਪਹੁੰਚੇ ਤਾਂ ਉਨ੍ਹਾਂ ਤੋਂ ਦਸਤਾਵੇਜ਼ਾਂ ਦੀ ਜਾਂਚ ਅਤੇ ਫਾਰਮ ਭਰਨ ਲਈ 50-100 ਡਾਲਰ ਮੰਗੇ ਗਏ ਅਤੇ ਨਾ ਦੇਣ ਉੱਤੇ ਉਨ੍ਹਾਂ ਦੇ ਬੈਗ ਸੁੱਟ ਦਿੱਤੇ ਅਤੇ ਕੁੱਟਮਾਰ ਕੀਤੀ ਗਈ।ਇਨ੍ਹਾ ਵਿਦਿਆਰਥੀਆਂ ਨੇ ਦੱਸਿਆ ਕਿ 25 ਫਰਵਰੀ ਨੂੰ ਉਹ ਸਰਹੱਦ ਪਾਰ ਕਰਨ ਲਈ ਕਿਰਾਏ ਦੀ ਬੱਸ ਵਿੱਚਪੋਲੈਂਡ ਸਰਹੱਦ ਉੱਤੇ ਪਹੁੰਚੇ ਤਾਂ ਸਾਰੀ ਰਾਤ ਬਿਸਕੁਟਾਂ ਅਤੇ ਚਿਪਸ ਨਾਲ ਕੱਟੀ। ਖਾਣ ਨੂੰ ਕੁਝ ਨਹੀਂ ਮਿ-ਲਿਆ। ਰਾਤ ਨੂੰ ਤਾਪਮਾਨ ਪੰਜ ਡਿਗਰੀ ਤੱਕ ਪਹੁੰਚ ਗਿਆ। ਦੋ ਰਾਤਾਂ ਜਾਗਦੇ ਰਹੇ, ਫਿਰ ਵੀ ਉਨ੍ਹਾਂ ਨੂੰ ਸਰਹੱਦਲੰਘਣ ਦੀ ਇਜਾਜ਼ਤ ਨਹੀਂ ਮਿਲੀ ਤਾਂਮੁੜ ਕੇ ਕਾਲਜ ਨੇੜੇ ਬੰਕਰ ਵਿੱਚ ਚਲੇ ਗਏ।ਉਨ੍ਹਾਦੱਸਿਆ ਕਿ ਕਰਫਿਊ ਜਦੋਂ ਖੁੱਲ੍ਹੇ ਤੋਂਕਿਸੇ ਲੋੜ ਲਈ ਬਾਹਰ ਜਾਉ ਤਾਂ ਹਥਿਆਰਾਂ ਨਾਲ ਲੈਸ ਰੂਸੀ ਸੈਨਿਕਾਂ ਤੋਂ ਡਰ ਲੱਗਦਾ ਹੈ।

ਖਾਰਕੀਵ ਮੈਡੀਕਲ ਕਾਲਜ ਦੀ ਵਿਦਿਆਰਥਣ ਸ਼੍ਰੇਆ ਮਿਸ਼ਰਾ ਨੇ ਹਰਦੋਈ ਰਹਿੰਦੇ ਆਪਣੇ ਪਿਤਾ ਨੂੰ ਅੱਜ ਰਾਤ ਮੈਸੇਜ ਕਰਕੇ ਦੱਸਿਆ ਕਿ ਖਾਰਕੀਵਵਿੱਚਰੂਸੀ ਹਮਲੇ ਕਾਰਨ ਗੈਸ ਪਾਈਪਲਾਈਨ ਫਟ ਗਈ ਤੇ ਸ਼ਨੀਵਾਰ ਤੋਂ ਖਾਣ ਲਈ ਕਿਸੇ ਨੂੰ ਕੁਝ ਨਹੀਂ ਮਿ-ਲਿਆ ਤੇ ਬੰਕਰਵਿੱਚ ਲਾਈਟ ਨਹੀਂ ਅਤੇ ਪਾਣੀ ਮਿਲਣਾ ਵੀ ਔਖਾ ਹੈ।ਪੈਸੇ ਖਤਮ ਹੋ ਗਏ ਹਨ। ਕਰਫਿਊ ਖੁੱਲ੍ਹੇ ਤੋਂ ਏਟੀਐੱਮਵੱਲ ਜਾਣ ਤਾਂ ਲੰਬੀ ਲਾਈਨ ਹੁੰਦੀ ਹੈ। ਸਿਪਾਹੀ ਭਾਰਤੀਆਂ ਨੂੰ ਪੈਸੇ ਨਹੀਂਲੈਣ ਦਿੰਦੇ ਅਤੇ ਕਿਸੇ ਨੂੰ ਬੰਕਰ ਛੱਡਣ ਦੀ ਇਜਾਜ਼ਤ ਨਹੀਂ ਹੈ।

## ਕ੍ਰਿਪਟੋ ਕਰੰਸੀ ਕੰਪਨੀ ਦਾ ਭਾਰਤੀ ਮੋਢੀ 240 ਕਰੋੜ ਦੇ ਫਰਾਡ ਵਿੱਚ ਫਸਿਆ



ਵਾਸ਼ਿੰਗਟਨ, 27 ਫਰਵਰੀ, (ਪੋਸਟ ਬਿਊਰੋ)- ਅਮਰੀਕਾ ਦੇ ਫੈਡਰਲ ਵਕੀਲ ਦਾ ਇਹ ਕਹਿਣਾ ਹੈ ਕਿ ਕ੍ਰਿਪਟੋ ਕਰੰਸੀ ਇਨਵੈਸਟਮੈਂਟ ਪਲੇਟਫਾਰਮ ਬਿਟਕੁਨੈਕਟ ਦੇ ਇੱਕ ਭਾਰਤੀ ਮੋਢੀ ਦੇ ਖ਼ਿਲਾਫ਼ 2.4 ਅਰਬ ਡਾਲਰ ਦੀ ਸੰਸਾਰ ਪੱਧਰ ਦੀ ਠੱਗੀ ਸਕੀਮ ਦੀ ਸ਼ਿਕਾਇਤ ਹੋਈ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਗੁਜਰਾਤ ਦੇ ਹੇਮਲ ਦੇ ਵਾਸੀ ਸਤੀਸ਼ ਕੁੰਭਾਨੀ (36) ਨੇ ਆਪਣੇ ਨਿਵੇਸ਼ਕਾਂ ਨੂੰ ਬਿਟਕੁਨੈਕਟ ਦੇ 'ਲੈਂਡਿੰਗ ਪ੍ਰੋਗਰਾਮ' ਦੇ ਬਾਰੇ ਭਰਮ ਪਾਇਆ ਸੀ। ਨਿਆਂ ਵਿਭਾਗ ਨੇ ਦੱਸਿਆ ਕਿ ਇੱਕ ਸਮੇਂਬਿਟਕੁਨੈਕਟ ਦਾ ਬਾਜ਼ਾਰ ਪੂੰਜੀਕਰਨ 340 ਕਰੋੜ ਡਾਲਰ ਹੋ ਗਿਆ ਸੀ।

ਕੈਲੀਫੋਰਨੀਆ ਦੇ ਦੱਖਣੀ ਜ਼ਿਲ੍ਹੇ ਦੇ ਅਟਾਰਨੀ ਰੈਂਡੀ ਗ੍ਰਾਸਮੈਨ ਨੇ ਸ਼ੁੱਕਰਵਾਰ ਦੱਸਿਆ ਕਿ ਇਸ ਕੇਸਵਿੱਚ ਵੱਡੇ ਪੱਧਰ ਉੱਤੇ ਕ੍ਰਿਪਟੋ ਕਰੰਸੀ ਸਕੀਮ ਚਲਾਉਣ ਦੀ ਗੱਲ ਕਹੀ ਗਈ ਤੇ ਇਸ ਨਾਲ ਨਿਵਸ਼ੇਕਾਂ ਤੋਂ ਦੋ ਸੌ ਕਰੋੜ ਡਾਲਰ ਤੋਂ ਵੱਧ ਧੋਖਾਧੜੀ ਕੀਤੀ ਗਈ ਹੈ।ਕੁੰਭਾਨੀ ਉੱਤੇ ਫੋਨ ਰਾਹੀਂ ਧੋਖੇ ਦੀ ਸਾਜ਼ਿਸ਼, ਕੀਮਤਾਂਦੀ ਹੇਰਾਫੇਰੀ, ਬਿਨਾ ਲਾਇਸੈਂਸ ਦੀ ਸਾਜ਼ਿਸ਼ ਦੇ ਦੋਸ਼ ਹਨ। ਜੇ ਸਾਰੇ ਕੇਸਾਂਵਿੱਚ ਦੋਸ਼ ਸਾਬਤ ਹੋਏ ਤਾਂ ਉਸ ਨੂੰ 70 ਸਾਲ ਜੇਲ੍ਹ ਹੋ ਸਕਦੀ ਹੈ। ਦੋਸ਼ ਹੈ ਕਿ ਕੁੰਭਾਨੀ ਤੇ ਉਨ੍ਹਾਂ ਦੇ ਸਾਥੀਆਂ ਨੇ 'ਲੈਂਡਿੰਗ ਪ੍ਰੋਗਰਾਮ' ਹੇਠ'ਬਿਟਕਨੈਕਟ ਬਾਟ' ਅਤੇ 'ਵੋਲੈਟਿਲਿਟੀ ਸਾਫਟਵੇਅਰ' ਨੂੰ ਲਾਭ ਕਮਾਉਣਵਾਲਾਦੱਸਿਆ। ਉਨ੍ਹਾਂ ਨੇ ਕ੍ਰਿਪਟੋ ਕਰੰਸੀ ਐਕਸਚੇਂਜ ਮਾਰਕਿਟ ਦੀ ਅਸਥਿਰਤਾ ਉੱਤੇ ਵਪਾਰ ਦੇ ਲਈ ਨਿਵੇਸ਼ਕਾਂ ਦੇ ਪੈਸੇ ਦੀਵਰਤੋਂ ਕੀਤੀ ਤੇ ਉਨ੍ਹਾਂ ਨੂੰ ਰਿਟਰਨ ਦੀ ਗਰੰਟੀ ਦਿੱਤੀ। ਇਸ ਦੌਰਾਨ ਬਿਟਕੁਨੈਕਟ ਨੇ ਨਵੇਂ ਲੋਕਾਂ ਤੋਂ ਪ੍ਰਾਪਤ ਧਨ ਦੀਵਰਤੋਂ ਪੁਰਾਣੇ ਨਿਵੇਸ਼ਕਾਂ ਦੇ ਭੁਗਤਾਨ ਲਈ ਕਰ ਕੇ ਠੱਗੀ ਸਕੀਮ ਚਲਾਉਣੀ ਜਾਰੀ ਰੱਖੀ।

ਸੈਨ ਡਿਆਗੋਵਿੱਚ ਇੱਕ ਫੈਡਰਲ ਗ੍ਰੈਂਡ ਜਿਊਰੀ ਵੱਲੋਂ ਮੋੜੇ ਗਏ ਕੇਸਵਿੱਚ ਦੋਸ਼ ਹੈ ਕਿ ਕਰੀਬ ਇਕ ਸਾਲ ਚਲਾਉਣ ਪਿੱਛੋਂ ਕੁੰਭਾਨੀ ਨੇ ਲੈਂਡਿੰਗ ਪ੍ਰੋਗਰਾਮ ਅਚਾਨਕ ਬੰਦ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਪ੍ਰਮੋਟਰਾਂ ਦੇ ਨੈੱਟਵਰਕ ਨੂੰ ਬਿਟਕੁਨੈਕਟ ਦੀ ਡਿਜੀਟਲ ਕਰੰਸੀ ਬਿਟਕਨੈਕਟ ਕਾਈਨ ਦੀ ਕੀਮਤਵਿੱਚ ਹੇਰਫੇਰ ਕਰਨ ਤੇ ਉਸ ਦਾ ਪ੍ਰਚਾਰ ਕਰਨ ਨੂੰ ਕਿਹਾ, ਤਾਂ ਜੋ ਇਸ ਲਈ ਕਾਨੂੰਨੀ ਬਾਜ਼ਾਰ ਦੀ ਮੰਗ ਦਾ ਝੂਠਾ ਰੰਗ ਪੇਸ਼ ਕੀਤਾ ਜਾ ਸਕੇ। ਨਿਆਂ ਵਿਭਾਗ ਦਾ ਦੋਸ਼ ਹੈ ਕਿ ਕੁੰਭਾਨੀ ਤੇ ਉਨ੍ਹਾਂ ਦੇ ਸਾਥੀਆਂ ਨੇ ਬਿਟਕੁਨੈਕਟ ਦੇ ਕ੍ਰਿਪਟੋ ਕਰੰਸੀ ਵਾਲੇਟ ਅਤੇ ਕੌਮਾਂਤਰੀ ਪੱਧਰ ਉੱਤੇ ਅਧਾਰਿਤ ਵੱਖ-ਵੱਖ ਕ੍ਰਿਪਟੋ ਕਰੰਸੀ ਐਕਸਚੇਂਜਾਂ ਦੇ ਗਰੁੱਪ ਨਾਲ ਨਿਵਸ਼ੇਕਾਂ ਦੇ ਧਨ ਦਾ ਤਬਾਦਲਾ, ਗ਼ਲਤ ਵਰਤੋਂਅਤੇ ਮਨੀ ਲਾਂਡਰਿੰਗ ਕੀਤੀ ਅਤੇ ਇਸ ਤਰ੍ਹਾਂ ਕੁੰਭਾਨੀ ਨੇ ਅਮਰੀਕਾ ਦੇ ਵਿੱਤੀ ਨਿਯਮਾਂ ਦੀ

## ਸਾਇੰਟਿਫਿਕ ਅਫਸਰ ਨੂੰ ਰਿਵਰਟ ਕਰ ਕੇ ਐਨਾਲਿਸਟ ਬਣਾਇਆ

ਚੰਡੀਗੜ੍ਹ, 27 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਨੇ ਸਾਇੰਟਿਫਿਕ ਅਫਸਰ (ਡਰੱਗਜ਼) ਵਰਿੰਦਰਪਾਲ ਕੌਰ ਨੂੰ ਰਿਵਰਟ ਕਰ ਕੇ ਮੁੜ ਐਨਾਲਿਸਟ ਬਣਾ ਦਿੱਤਾ ਅਤੇ ਉਨ੍ਹਾਂ ਦੀ ਥਾਂ ਹਰਵਿੰਦਰ ਕੌਰ ਨੂੰ ਤਰੱਕੀ ਦੇ ਕੇ ਸਾਇੰਟਿਫਕ ਅਫਸਰ (ਡਰੱਗਜ਼) ਬਣਾਇਆ ਹੈ।

ਇਸ ਸੰਬੰਧ ਵਿੱਚ ਇਸ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਰਾਜ ਕਮਲ ਚੌਧਰੀ ਨੇ ਹੁਕਮ ਜਾਰੀ ਕੀਤੇ ਹਨ। ਵਿਭਾਗ ਨੇ ਇਹ ਫੈਸਲਾ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਫੈਸਲੇ ਮੁਤਾਬਕ ਲਿਆ ਹੈ।ਪਤਾ ਲੱਗਾ ਹੈ ਕਿ ਵਿਭਾਗ ਦੀ ਕਰਮਚਾਰਨ ਹਰਵਿੰਦਰ ਕੌਰ ਐਨਾਲਿਸਟ ਨੇ ਸੱਤ ਸਤੰਬਰ 2020 ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਕਿ ਸਿਹਤ ਵਿਭਾਗ ਉਸ ਦੀ ਸੀਨੀਆਰਟੀ ਅਣਡਿੱਠ ਕਰ ਕੇ ਉਸ ਤੋਂ ਜੂਨੀਅਰ ਨੂੰ ਤਰੱਕੀ ਦੇ ਰਿਹਾ ਹੈ, ਜਦ ਕਿ ਸੀਨੀਆਰਟੀ ਵਿੱਚ ਉਹ ਪਹਿਲੇ ਨੰਬਰ ਉੱਤੇ ਹੈ। ਕਮਿਸ਼ਨ ਨੇ ਵਿਭਾਗ ਨੂੰ ਇਸ ਦਾ ਪੂਰਾ ਰਿਕਾਰਡ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਸਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਮੀਡੀਆ 'ਚ ਗ੍ਰੈਜੂਏਸ਼ਨ ਕਰਨ ਨਾਲ ਪੱਤਰਕਾਰੀ 'ਚ ਬਿਹਤਰ ਮੌਕੇ

ਸਿੱਖਿਆ ਮਨੁੱਖ ਦਾ ਤੀਜਾ ਨੇਤਰ ਹੈ। ਸਿੱਖਿਆ ਦੇ ਫੈਲਣ ਨਾਲ ਮਨੁੱਖਤਾ ਦੇ ਅੰਧਕਾਰ ਦਾ ਅੰਤ ਹੋ ਜਾਂਦਾ ਹੈ ਤੇ ਮਨੁੱਖੀ ਸਮਾਜ ਵਿਕਾਸ ਦੀਆਂ ਬੁਲੰਦੀਆਂ ਨੂੰ ਛੂਹਣ ਲੱਗਦਾ ਹੈ। ਸਿੱਖਣਾ ਹਮੇਸ਼ਾ ਹੀ ਅਦਭੁੱਤ ਕਾਰਜ ਰਿਹਾ ਹੈ। ਆਦਿ ਮਾਨਵ ਨੇ ਮੁੱਢਲੀਆਂ ਖੋਜਾਂ ਦੇ ਨਾਲ ਮਨੁੱਖ ਨੂੰ ਸੰਸਾਰ ਦੇ ਦੂਜੇ ਪ੍ਰਾਣੀਆਂ ਤੋਂ ਭਿੰਨਤਾ ਦੇ ਦਿੱਤੀ। ਮਨੁੱਖ ਦੀ ਜਗਿਆਸੂਪੁਣੇ ਦੀ ਹੱਦ ਨੇ ਨਿਸ਼ਚਿਤ ਕਰ ਦਿੱਤਾ ਹੈ ਕਿ ਗਿਆਨ ਕੇਵਲ ਕਿਤਾਬਾਂ ਵਿੱਚੋਂ ਹਾਸਿਲ ਕਰਨ ਤਕ ਸੀਮਤ ਨਹੀਂ ਹੋਣਾ ਚਾਹੀਦਾ ਸਗੋਂ ਪ੍ਰਾਪਤ ਗਿਆਨ 'ਚ ਲਗਾਤਾਰ ਵਾਧਾ ਕਰਦੇ ਰਹਿਣਾ ਤੇ ਗਿਆਨ ਨੂੰ ਅਗਾਂਹ ਵੰਡਣਾ ਅਸਲ 'ਚ ਮਨੁੱਖ ਦੇ ਸਿੱਖਿਅਤ ਹੋਣ ਦਾ ਪ੍ਰਗਟਾਵਾ ਕਰਦਾ ਹੈ। ਸਮਾਜ ਨੂੰ ਪਹੀਏ ਦੀ ਦੇਣ ਮਾਨਵ ਦੀਆਂ ਮਹਾਨ ਖੋਜਾਂ 'ਚੋਂ ਇਕ ਹੈ, ਜਿਸ ਦਾ ਇਸਤੇਮਾਲ ਤੇਜ਼ ਰਫ਼ਤਾਰ ਨਾਲ ਦੌੜ ਰਹੀ ਦੁਨੀਆ ਅੱਜ ਵੱਡੇ ਪੱਥਰ 'ਤੇ ਕਰ ਰਹੀ ਹੈ।

ਆਧੁਨਿਕ ਦੌਰ ਦੀ ਨੌਜਵਾਨ ਪੀੜ੍ਹੀ ਤਾਂ ਇਸ ਅਦਭੁੱਤ ਖੋਜ ਦੇ ਆਰੰਭ ਤੇ ਵਿਕਾਸ ਦੇ ਪੜਾਵਾਂ ਤੋਂ ਵੀ ਅਣਜਾਣ ਹੈ। ਅਜਿਹੇ 'ਚ ਕਿਤਾਬਾਂ ਦਾ ਮਹੱਤਵ ਉੱਭਰਦਾ ਹੈ ਕਿਉਂਕਿ ਕਿਤਾਬਾਂ ਸਾਨੂੰ ਸਾਡੇ ਮਾਣਮੱਤੇ ਇਤਿਹਾਸ ਦੀ ਜਾਣਕਾਰੀ ਮੁਹੱਈਆ ਕਰਾਉਂਦੀਆਂ ਹਨ। ਜੇ ਮਨੁੱਖ ਪਹੀਏ ਦੀ ਖੋਜ ਤੋਂ ਬਾਅਦ ਆਪਣੇ ਦਿਮਾਗ਼ ਦਾ ਇਸਤੇਮਾਲ ਕਰਨਾ ਬੰਦ ਕਰ ਦਿੰਦਾ ਤਾਂ ਸ਼ਾਇਦ ਤੇਜ਼ ਰਫ਼ਤਾਰ ਕਾਰਾਂ, ਗੱਡੀਆਂ ਤੇ ਜਹਾਜ਼ਾਂ ਦੇ ਦੀਦਾਰ ਅੱਜ ਦੀ ਪੀੜ੍ਹੀ ਨੂੰ ਨਾ ਹੀ ਹੁੰਦੇ ਪਰ ਜਗਿਆਸੂ ਮਨੁੱਖ ਨੇ ਦਿਮਾਗ਼ ਦੇ ਘੋੜੇ ਹਮੇਸ਼ਾ ਹੀ ਸਮੇਂ ਦੇ ਚੱਕਰ ਨਾਲ ਦੌੜਾਏ, ਜਿਸ ਸਦਕਾ ਮਨੁੱਖੀ ਸਮਾਜ ਨੇ ਤਰੱਕੀ ਦੀਆਂ ਬੁਲੰਦੀਆਂ ਨੂੰ ਵੀ ਛੋਹ ਲਿਆ ਹੈ ਤੇ ਇਹ ਸਫ਼ਰ ਅਜੇ ਵੀ ਲਗਾਤਾਰ ਜਾਰੀ ਹੈ।

ਇਸ ਸਫ਼ਰ ਦਾ ਦੁਖਾਂਤ ਇਹ ਹੈ ਕਿ ਅੱਜ ਵੀ ਸਿੱਖਿਆ ਦੇ ਮਾਧਿਅਮ ਨਾਲ ਜੁੜੇ ਮਨੁੱਖ ਆਪਣੇ ਦਿਮਾਗ਼ ਨੂੰ ਵਿਕਾਸ, ਤਰੱਕੀ ਤੇ ਨਵੀਆਂ ਖੋਜਾਂ ਵੱਲ ਨਹੀਂ ਲਗਾ ਰਹੇ ਸਗੋਂ ਆਲਮ ਤਾਂ ਇਹ ਹੈ ਕਿ ਉਹ ਮੌਜੂਦਾ ਦੌਰ ਦੀਆਂ ਕਾਢਾਂ ਤੋਂ ਵੀ ਹੈਰਾਨ ਹੁੰਦੇ ਦਿਖਾਈ ਦਿੰਦੇ ਹਨ। ਇਕ ਖੋਜ ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ ਮਨੁੱਖੀ ਆਬਾਦੀ ਦਾ 3/4 ਭਾਗ ਆਪਣੇ ਜੀਵਨਕਾਲ ਦੌਰਾਨ ਆਪਣੇ ਦਿਮਾਗ਼ ਦਾ 5 ਫ਼ੀਸਦੀ ਹੀ ਇਸਤੇਮਾਲ ਕਰਦਾ ਹੈ। ਜੇ ਸਧਾਰਨ ਮਨੁੱਖ ਆਪਣੇ ਦਿਮਾਗ਼ ਦੇ ਸੌ ਫ਼ੀਸਦੀ 'ਚੋਂ ਵੀਹ ਫ਼ੀਸਦੀ ਇਸਤੇਮਾਲ ਕਰਨ ਲੱਗ ਜਾਵੇ ਤਾਂ ਉਹ ਮਨੁੱਖਤਾ ਦੇ ਉਨ੍ਹਾਂ ਮੁੱਠੀ ਭਰ ਸ਼ਾਹੂਕਾਰਾਂ ਦੇ ਪ੍ਰਭਾਵ ਤੋਂ ਮੁਕਤ ਹੋ ਸਕਦਾ, ਜੋ ਆਪਣੇ ਹਿੱਤਾਂ ਲਈ ਭੋਲੀਭਾਲੀ ਜਨਤਾ ਨੂੰ ਠੱਗ ਲੈਂਦੇ ਹਨ।

ਇਕ ਰਿਪੋਰਟ ਮੁਤਾਬਿਕ 'ਸਿੱਖਿਆ ਪ੍ਰਣਾਲੀ ਦੇ ਸਾਹਮਣੇ ਖੜ੍ਹੀਆਂ ਅਜਿਹੀਆਂ ਭਾਰੀ ਚੁਣੌਤੀਆਂ ਦੇ ਨਿਪਟਾਰੇ ਲਈ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿੱਖਿਆ ਦੇ ਅਧਿਕਾਰ ਐਕਟ 'ਚ ਸ਼ਾਮਿਲ ਕਰਨਾ ਸਮੇਂ ਦੀ ਮੰਗ ਹੈ ਤਾਂ ਜੋ ਸਿਖਿਆਰਥੀਆਂ ਦਾ ਮੁੱਢਲੇ ਸਫ਼ੇ ਤੋਂ ਹੀ ਅਧਾਰ ਬਣ ਮਜ਼ਬੂਤ ਹੋ ਸਕੇ ਅਤੇ ਉਹ ਉਚੇਰੀ ਸਿੱਖਿਆ ਹਾਸਿਲ ਕਰਨ ਉਪਰੰਤ ਸਿੱਖਿਆ ਦੇ ਅਸਲ ਯਥਾਰਥ ਨੂੰ ਲਾਗੂ ਕਰਨ ਦੀ ਤਾਕਤ ਹਾਸਲ ਕਰ ਸਕਣ।' ਵਿਗਿਆਨ ਦੀਆਂ ਤਰਕਾਂ ਨੂੰ ਆਧਾਰ ਮੰਨੀਏ ਤਾਂ ਇਹ ਤਰਕ ਉੱਭਰਦਾ ਹੈ ਕਿ ਮਨੁੱਖ 'ਚ ਬਚਪਨ ਵੇਲੇ ਊਰਜਾ ਦਾ ਵੱਧ ਭੰਡਾਰਨ ਹੁੰਦਾ ਹੈ, ਬਸ ਇਨ੍ਹਾਂ ਨੂੰ ਸਹੀ ਸੇਧ ਦੇਣੀ ਹੁੰਦੀ ਹੈ ਤਾਂ ਜੋ ਬਚਪਨ ਤੋਂ ਰੱਖੀ ਮਜ਼ਬੂਤ ਨੀਂਹ 'ਤੇ ਮਜ਼ਬੂਤ ਤੇ ਸੁਨਹਿਰੀ ਭਵਿੱਖ ਖੜ੍ਹਾ ਕੀਤਾ ਜਾ ਸਕੇ। ਇਸ ਉੱਦਮ ਲਈ ਸਿੱਖਿਆ ਹੀ ਇਕ ਮਾਤਰ ਮਾਰਗ ਦਿਖਾਈ ਪੈਂਦਾ ਹੈ। ਹਾਲਾਂਕਿ ਪੜ੍ਹਾਈ ਤੋਂ ਇਕ ਵਾਰ ਸਭ ਦਾ ਮਨ ਅੱਕ ਜਾਂਦਾ ਹੈ। ਵਿਦਿਆਰਥੀ ਪੜ੍ਹਨ ਦੀ ਥਾਂ ਖੇਡਣ-ਕੁੱਦਣ 'ਚ ਊਰਜਾ ਲਗਾਉਣੀ ਚਾਹੁੰਦੇ ਹਨ। ਅਸਲ 'ਚ ਸਿੱਖਿਆ ਪ੍ਰਾਪਤੀ ਦੇ ਦਿਨਾਂ ਦੌਰਾਨ ਸਿੱਖਿਆ ਹਾਸਿਲ ਕਰਨ ਦਾ ਪੜਾਅ 'ਮਾਊਂਟ ਐਵਰੈਸਟ' 'ਤੇ ਚੜ੍ਹਨ ਵਾਂਗ ਜਾਪਦਾ ਹੈ ਪਰ ਉਹ ਚੜ੍ਹਾਈ 'ਤੇ ਪਹੁੰਚ ਕੇ ਦੁਨੀਆ ਦਾ ਨਜ਼ਾਰਾ ਵੇਖਣ ਦਾ ਆਨੰਦ ਉਨ੍ਹਾਂ ਨੂੰ ਹੀ ਨਸੀਬ ਹੁੰਦਾ ਹੈ, ਜੋ ਇਸ ਪ੍ਰਕਿਰਿਆ ਵਿੱਚੋਂ ਲੰਘਦੇ ਹਨ।



ਸਿੱਖਿਆ ਦੇ ਨਵੀਨੀਕਰਨ ਨਾਲ ਦਿਲਚਸਪ ਵਿਸ਼ੇ ਉੱਭਰ ਕੇ ਸਾਹ-ਮਣੇ ਆਏ ਹਨ, ਜਿਨ੍ਹਾਂ ਨੇ ਉਚੇਰੀ ਸਿੱਖਿਆ ਪ੍ਰਣਾਲੀ ਨੂੰ ਰੋਚਕ ਹੀ ਨਹੀਂ ਬਣਾਇਆ ਸਗੋਂ ਕਿੱਤਾਮੁਖੀ ਪ੍ਰਵਿਰਤੀ ਵਾਲੇ ਇਨ੍ਹਾਂ ਵਿਸ਼ਿਆਂ ਨੇ ਨੌਜਵਾਨਾਂ ਨੂੰ ਰੁਜ਼ਗਾਰ ਲੇਖੇ ਵੀ ਲਾਇਆ ਹੈ। ਅਜਿਹੇ ਹੀ ਕੁਝ ਰੋਚਕ ਤੇ ਕਿੱਤਾ ਪ੍ਰਮੁੱਖ ਵਿਸ਼ਿਆਂ ਵਿੱਚੋਂ 'ਪੱਤਰਕਾਰੀ' ਦਾ ਵਿਸ਼ਾ ਅੱਜ ਦੇ ਦੌਰ ਵਿਚ ਆਪਣਾ ਮਹੱਤਵ ਸਿੱਧ ਕਰ ਰਿਹਾ ਹੈ।

**ਕਿਉਂ ਪੜ੍ਹਿਆ ਜਾਵੇ ਪੱਤਰਕਾਰੀ ਦਾ ਵਿਸ਼ਾ:** ਅਕਸਰ ਬਾਰ੍ਹਵੀਂ ਜਮਾਤ ਤੋਂ ਬਾਅਦ ਵਿਦਿਆਰਥੀ ਕਾਲਜ ਵਿਖੇ ਦਾਖ਼ਲਾ ਲੈਣ ਸਮੇਂ ਇਹ ਸਵਾਲ ਕਰਦੇ ਹੀ ਹਨ ਕਿ ਪੱਤਰਕਾਰੀ ਦਾ ਵਿਸ਼ਾ ਕਿਉਂ ਪੜ੍ਹਿਆ ਜਾਵੇ। ਉਨ੍ਹਾਂ ਦੇ ਮਾਤਾ-ਪਿਤਾ ਦੇ ਮਨ 'ਚ ਇਹ ਖ਼ਿਆਲ ਪੈਦਾ ਹੁੰਦਾ ਹੈ ਕਿ ਆਖ਼ਰ ਇਸ ਵਿਸ਼ੇ 'ਚ ਪੜ੍ਹਾਈ ਕਰਨ ਦਾ ਭਵਿੱਖ ਕੀ ਹੋਵੇਗਾ? ਅਜਿਹੇ ਅਨੇਕਾਂ ਸਵਾਲਾਂ ਦਾ ਜਵਾਬ ਪੱਤਰਕਾਰੀ ਦੇ ਖੇਤਰ 'ਚ ਕਾਮਯਾਬ ਹੋ ਚੁੱਕੇ ਵਿਦਿਆਰਥੀ ਹੀ ਬਣਦੇ ਹਨ। ਫਿਰ ਵੀ ਸਾਨੂੰ ਇਸ ਵਿਸ਼ੇ ਦੇ ਮਹੱਤਵ ਦੀ ਜਾਣਕਾਰੀ ਹੋਣਾ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਦਰਅਸਲ ਉਚੇਰੀ ਸਿੱਖਿਆ ਦੇ ਕਈ ਵਿਸ਼ੇ ਹੁੰਦੇ ਹਨ ਪਰ ਇਨ੍ਹਾਂ ਵਿੱਚੋਂ ਬਹੁਤੇ ਵਿਸ਼ਿਆਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਹੀ ਨਹੀਂ ਦਿੱਤੀ ਜਾਂਦੀ, ਜਿਸ ਦਾ ਇਕ ਕਾਰਨ ਸਾਡੇ ਸਕੂਲੀ ਸਿੱਖਿਆ ਢਾਂਚੇ 'ਚ ਸਿਰਫ਼ ਰਵਾਇਤੀ ਵਿਸ਼ੇ ਹੀ ਪੜ੍ਹਾਏ ਜਾਣਾ ਹੈ। ਮੁੱਢਲੇ ਪੱਧਰ 'ਤੇ ਵਿਦਿਆਰਥੀਆਂ ਨੂੰ ਨਵੇਂ ਵਿਸ਼ਿਆਂ ਬਾਰੇ ਜਾਣਕਾਰੀ ਹੀ ਨਹੀਂ ਦਿੱਤੀ ਜਾਂਦੀ ਪਰ ਇਨ੍ਹਾਂ ਰਵਾਇਤੀ ਵਿਸ਼ਿਆਂ ਤੋਂ ਇਲਾਵਾ ਬਹੁਤ ਸਾਰੇ ਅਜਿਹੇ ਵਿਸ਼ੇ ਹੀ ਹਨ, ਜਿਨ੍ਹਾਂ ਨੂੰ ਅਪਣਾ ਕੇ, ਪੜ੍ਹ ਕੇ ਜਿੱਥੇ ਵਿਦਿਆਰਥੀ ਆਪਣਾ ਹੁਨਰ ਨਿਖਾਰ ਸਕਦਾ ਹੈ, ਉਥੇ ਆਪਣੇ ਦੇਸ਼ 'ਚ ਰਹਿੰਦਿਆਂ ਰੁਜ਼ਗਾਰ ਪ੍ਰਾਪਤ ਕਰ ਸਕਦਾ ਹੈ। ਪੱਤਰਕਾਰੀ ਦਾ ਵਿਸ਼ਾ ਅਜੋਕੇ ਸਮੇਂ 'ਚ ਕਾਲਜ ਪੱਧਰ 'ਤੇ ਪੜ੍ਹਨ ਲਈ ਜ਼ਰੂਰੀ ਨਹੀਂ ਪਰ ਇਸ ਦੇ ਬਾਵਜੂਦ ਵਿਦਿਆਰਥੀ ਸੀਨੀਅਰ ਸੈਕੰਡਰੀ ਕਲਾਸਾਂ ਵਿੱਚੋਂ ਰਵਾਇਤੀ ਵਿਸ਼ਿਆਂ ਦੀ ਪੜ੍ਹਾਈ ਕਰਨ ਉਪਰੰਤ 'ਪੱਤਰਕਾਰੀ ਵਿਸ਼ਾ' ਉਚੇਰੀ ਸਿੱਖਿਆ ਲਈ ਚੁਣ ਰਹੇ ਹਨ।

**ਪੱਤਰਕਾਰੀ 'ਚ ਭਵਿੱਖ:** ਇੱਥੇ ਇਹ ਜਾਣਨਾ ਜ਼ਰੂਰੀ ਹੈ ਕਿ ਜਿੱਥੇ ਵਿਦਿਆਰਥੀ ਗ੍ਰੈਜੂਏਸ਼ਨ ਦੀ ਪੜ੍ਹਾਈ ਦੌਰਾਨ ਪੱਤਰਕਾਰੀ ਤੇ ਜਨਸੰਚਾਰ ਦੇ ਵੱਖ-ਵੱਖ ਅਦਾਰਿਆਂ 'ਚ ਮੁੱਢਲੀ ਸਿਖਲਾਈ ਹਾਸਿਲ ਕਰ ਕੇ ਰੁਜ਼ਗਾਰ ਪ੍ਰਾਪਤ ਕਰ ਲੈਂਦੇ ਹਨ, ਉਥੇ ਇਸ ਵਿਸ਼ੇ 'ਚ ਮੁਹਾਰਤ ਰੱਖਣ ਵਾਲੇ ਵਿਦਿਆਰਥੀ ਅਗਲੇਰੀ ਸਿੱਖਿਆ ਲਈ ਯੂਨੀਵਰਸਿਟੀ ਪੱਧਰ 'ਤੇ ਐੱਮਏ ਪੱਤਰਕਾਰੀ ਤੇ ਜਨਸੰਚਾਰ ਪਿੱਛੋਂ ਐੱਮਫਿਲ ਤੇ ਪੀਐੱਚ.ਡੀ ਵੀ ਕਰ ਸਕਦੇ ਹਨ, ਜਿਸ ਉਪਰੰਤ ਉਹ ਅਧਿਆਪਨ ਦੇ ਖੇਤਰ 'ਚ ਨਾਮਣਾ ਖੱਟ ਸਕਦੇ ਹਨ। ਇਸ ਤੋਂ ਇਲਾਵਾ ਵਿਦਿਆਰਥੀ ਗ੍ਰੈਜੂਏਸ਼ਨ ਦੌਰਾਨ ਪੱਤਰਕਾਰੀ ਤੇ ਜਨਸੰਚਾਰ ਦੇ ਵੱਖ-ਵੱਖ ਮਾਧਿਅਮਾਂ ਰਾਹੀਂ ਪ੍ਰਾਪਤ ਤਾਜ਼ਾ ਜਾਣਕਾਰੀ ਦੇ ਅੰਕੜਿਆਂ ਨਾਲ ਸਰਕਾਰੀ ਤੇ ਗ਼ੈਰ-ਸਰਕਾਰੀ ਪੱਧਰ ਦੀਆਂ ਇੰਟਰਵਿਊਜ਼ ਨੂੰ ਪਾਸ ਕਰਨ ਤੇ ਵੱਖ-ਵੱਖ ਮੁਕਾਬਲਿਆਂ ਵਾਲੇ ਇਮਤਿਹਾਨਾਂ 'ਚ ਚੰਗੀ ਕਾਰਗੁਜ਼ਾਰੀ ਦਿਖਾਉਣ ਦੇ ਕਾਬਿਲ ਬਣ ਜਾਂਦੇ ਹਨ, ਜਿਸ ਸਦਕਾ ਉਹ ਉੱਚ ਸਰਕਾਰੀ ਅਹੁਦਿਆਂ ਤਕ ਪਹੁੰਚ ਸਕਦੇ ਹਨ।

**ਬੈਚਲਰ ਆਫ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ:**

ਅਜੋਕੇ ਸਮੇਂ ਵਿਚ ਬੈਚਲਰ ਆਫ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ (ਬੀਜੇਐੱਮਸੀ) ਦੀ ਗ੍ਰੈਜੂਏਸ਼ਨ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਪੱਤਰਕਾਰੀ ਦੇ ਵਿਸ਼ੇ ਨੂੰ ਇਲੈਕਟਿਵ (ਜੇਐੱਮਸੀ) ਵਿਸ਼ੇ ਦੇ ਤੌਰ 'ਤੇ ਵੀ ਪੜ੍ਹਿਆ ਜਾ ਸਕਦਾ ਹੈ ਅਤੇ ਪੱਤਰਕਾਰੀ ਅਤੇ ਜਨ ਸੰਚਾਰ ਵਿਚ ਡਿਪਲੋਮਾ ਕੀਤੇ ਜਾਣ ਦੀ ਵਿਵਸਥਾ ਵੀ ਕੀਤੀ ਗਈ ਹੈ। ਪੱਤਰਕਾਰੀ ਅਤੇ ਜਨਸੰਚਾਰ ਵਿਚ ਬੀਏ ਦੀ ਡਿਗਰੀ ਵਿਦਿਆਰਥੀ ਪ੍ਰਾਪਤ ਕਰ ਸਕਦੇ ਹਨ, ਜਿਸ ਨੂੰ ਕਰਨ ਲਈ ਉਨ੍ਹਾਂ ਵੱਲ ਬਾਰ੍ਹਵੀਂ ਜਮਾਤ ਕਿਸੇ ਵੀ ਵਿਸ਼ੇ 'ਚ ਘੱਟੋ-ਘੱਟ 45 ਫ਼ੀਸਦੀ ਅੰਕਾਂ ਨਾਲ ਪਾਸ ਕੀਤੀ ਹੋਣੀ ਜ਼ਰੂਰੀ ਹੈ।

**ਰੁਜ਼ਗਾਰ ਦੇ ਮੌਕੇ:** ਜਿਹੜੇ ਵਿਦਿਆਰਥੀ ਪੱਤਰਕਾਰੀ ਤੇ ਜਨਸੰਚਾਰ ਵਿਭਾਗ ਵਿੱਚੋਂ ਗੈਜੂਏਟ ਹੁੰਦੇ ਹਨ, ਉਨ੍ਹਾਂ ਲਈ ਸਿੱਧੇ ਤੌਰ 'ਤੇ ਪੈਦਾ ਹੁੰਦੇ ਰੁਜ਼ਗਾਰ ਦੇ ਮੌਕਿਆਂ ਵਿੱਚੋਂ ਪ੍ਰਿੰਟ ਮੀਡੀਆ ਦੇ ਖੇਤਰ 'ਚ ਵੱਖ-ਵੱਖ ਬੀਟਾਂ ਦੇ ਪੱਤਰਕਾਰ, ਭਿੰਨ ਭਾਸ਼ਾਈ ਅਖ਼ਬਾਰ, ਮੈਗਜ਼ੀਨ, ਰਸਾਲੇ ਜਿਸ ਵਿਚ ਵਿਦਿਆਰਥੀ ਆਪਣੀ ਰੁਚੀ ਮੁਤਾਬਿਕ ਉਪ-ਸੰਪਾਦਕ, ਪਰੂਫ ਰੀਡਰ, ਫੋਟੋ ਪੱਤਰਕਾਰ, ਭਾਸ਼ਾ ਅਨੁਵਾਦਕ ਆਦਿ ਦਾ ਕੰਮ ਹਾਸਿਲ ਕਰ ਸਕਦੇ ਹਨ। ਇਲੈਕਟ੍ਰਾਨਿਕ ਮੀਡੀਆ 'ਚ ਰੇਡੀਓ ਜੌਕੀ, ਰੇਡੀਓ ਸਕਰਿਪਟ ਰਾਈਟਰ, ਟੀਵੀ ਰਿਪੋਰਟਰ, ਨਿਊਜ਼ ਰੀਡਰ, ਕੈਜ਼ੂਅਲ ਅਨਾਊਂਸਰ, ਪੱਤਰਕਾਰ, ਐਡੀਟਰ ਜਾਂ ਸਬ-ਐਡੀਟਰ ਬਣ ਸਕਦੇ ਹਨ। ਫਿਲਮ ਜਗਤ 'ਚ ਡਾਇਰੈਕਟਰ, ਵਿਜ਼ੂਅਲ ਐਂਡ ਆਡੀਓ ਮਿਕਸਿੰਗ ਐਡੀਟਰ ਐਕਟਿੰਗ ਤੇ ਮਾਡਲਿੰਗ ਦਾ ਖੇਤਰ ਚੁਣਿਆ ਜਾ ਸਕਦਾ ਹੈ।

ਮੀਡੀਆ ਦੇ ਵਿਦਿਆਰਥੀਆਂ ਲਈ ਲੋਕ ਸੰਪਰਕ ਵਿਭਾਗ 'ਚ ਪੀਆਰਓ, ਏਪੀਆਰਓ, ਡੀਪੀਆਰਓ ਅਹੁਦੇ ਹਾਸਿਲ ਕਰਨ ਦਾ ਵੀ ਸੁਨਹਿਰੀ ਮੌਕਾ ਹੁੰਦਾ ਹੈ। ਇੱਥੇ ਵਿਦਿਅਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਦੇ ਮਨਾਂ 'ਚ ਉੱਠ ਰਹੇ ਪੱਤਰਕਾਰੀ ਤੇ ਜਨਸੰਚਾਰ ਵਿਭਾਗ 'ਚ ਗ੍ਰੈਜੂਏਸ਼ਨ ਦੇ ਸਵਾਲਾਂ ਦੇ ਜਵਾਬ ਤਾਂ ਮਿਲ ਹੀ ਜਾਂਦੇ ਹਨ ਸਗੋਂ ਨਾਲ ਹੀ ਵਿਦਿਅਰਥੀਆਂ ਨੂੰ ਬਾਰ੍ਹਵੀਂ ਪਿੱਛੋਂ ਗ੍ਰੈਜੂਏਸ਼ਨ ਲਈ ਬੀਜੇਐੱਮਸੀ ਦੀ ਚੋਣ ਕਰਨ 'ਚ ਵੀ ਸਿੱਧੀ ਸਹਾਇਤਾ ਪ੍ਰਾਪਤ ਹੁੰਦੀ ਹੈ। ਜਿਸ ਨਾਲ ਆਦਿ ਮਾਨਵ ਤੋਂ ਚੱਲਦੀ ਆ ਰਹੀ ਸਿੱਖਣ-ਸਿਖਾਉਣ ਦੀ ਪ੍ਰਵਿਰਤੀ ਨੂੰ ਹੋਰ ਬਲ ਮਿਲਦਾ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

## ਹਲਕਾ ਫੁਲਕਾ

ਇੱਕ ਵਾਰ ਇੱਕ ਪੇਂਡੂ ਵਿਅਕਤੀ ਨੇ ਘੜੀ ਖਰੀਦੀ। ਕੁਝ ਦਿਨਾਂ ਬਾਅਦ ਉਹ ਆਪਣੇ ਆਪ ਰੁਕ ਗਈ। ਉਸ ਨੇ ਘੜੀ ਖੋਲ ਕੇ ਦੇਖੀ ਤਾਂ ਉਸ ਵਿੱਚ ਇੱਕ ਮੱਛਰ ਮਰਿਆ ਪਿਆ ਸੀ। ਉਹ ਜ਼ੋਰ-ਜ਼ੋਰ ਨਾਲ ਰੋਣ ਲੱਗਾ। ਇੱਕ ਆਦਮੀ ਨੇ ਉਸ ਕੋਲੋਂ ਪੁੱਛਿਆ ਕਿ ਕਿਉਂ ਰੋ ਰਿਹਾ ਹੈ ਤਾਂ ਉਸ ਨੇ ਜਵਾਬ ਦਿੱਤਾ, ''ਮੈਂ ਕੀ ਕਰਾਂ, ਮੇਰੀ ਘੜੀ ਦਾ ਡਰਾਈਵਰ ਹੀ ਮਰ ਗਿਆ ਹੈ।''

*******

ਹੋਟਲ ਵਿੱਚ ਕਾਫੀ ਭੀੜ ਸੀ। ਇੱਕ ਗ੍ਰਾਹਕ ਨੇ ਵੇਟਰ ਨੂੰ ਰੋਕ ਕੇ ਕਿਹਾ, ''ਮੇਰਾ ਖਿਆਲ ਹੈ ਕਿ ਮੇਰੀ ਚਾਹ ਵਿੱਚ ਮੱਖੀ ਡਿੱਗ ਗਈ ਹੈ।''
ਵੇਟਰ, ''ਪਹਿਲਾਂ ਤੁਸੀਂ ਚੰਗੀ ਤਰ੍ਹਾਂ ਪੱਕਾ ਕਰ ਲਓ। ਮੈਨੂੰ ਅਫਵਾਹਾਂ ਸੁਣਨ ਦਾ ਸ਼ੌਕ ਨਹੀਂ ਹੈ।''

*******

ਟਰੈਫਿਕ ਪੁਲਸ ਦੇ ਇੰਸਪੈਕਟਰ ਨੇ ਇੱਕ ਆਦਮੀ ਦੀ ਕਾਰ ਦਾ ਪਿੱਛਾ ਕਰਦੇ ਹੋਏ ਉਸ ਨੂੰ ਚੀਕ ਕੇ ਪੁੱਛਿਆ, ''ਤੂੰ ਗੱਡੀ ਤੇਜ਼ ਕਿਉਂ ਚਲਾ ਰਿਹਾ ਏਂ।''
ਆਦਮੀ, ''ਗੱਲ ਇਹ ਹੈ ਕਿ ਮੇਰੀ ਗੱਡੀ ਵਿੱਚ ਬ੍ਰੇਕ ਨਹੀਂ ਹੈ ਇਸ ਲਈ ਮੈਂ ਚਾਹੁੰਦਾ ਸੀ ਕਿ ਗੱਡੀ ਤੇਜ਼ ਚਲਾ ਕੇ ਜਲਦੀ ਤੋਂ ਜਲਦੀ ਦੁਰਘਟਨਾ ਹੋਣ ਤੋਂ ਪਹਿਲਾਂ ਘਰ ਪਹੁੰਚ ਜਾਵਾਂ।''

*******

ਮਰੀਜ਼, ''ਮੈਂ ਤੁਹਾਡਾ ਅਹਿਸਾਸ ਕਿਵੇਂ ਚੁਕਾ ਸਕਦਾ ਹਾਂ।''
ਡਾਕਟਰ, ''ਚੈੱਕ ਦੇ ਕੇ ਜਾਂ ਕੈਸ਼ ਦੇ ਕੇ।''

*******

ਯਾਤਰੀ, ''ਸ੍ਰੀਮਾਨ, ਇਹ ਕਿੱਦਾਂ ਦਾ ਹੋਟਲ ਹੈ। ਸਾਰੀ ਛੱਤ ਟਪਕਦੀ ਰਹੀ, ਕਮਰਾ ਤਲਾਬ ਬਣੀ ਜਾਂਦਾ ਹੈ।''
ਮੈਨੇਜਰ, ''ਜਨਾਬ, ਮੈਂ ਤੁਹਾਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਹਰ ਕਮਰੇ ਵਿੱਚ ਪਾਣੀ ਹੋਵੇਗਾ।''

*******

ਵਿਨੋਦ (ਪੰਕਜ ਨੂੰ), ''ਤੂੰ ਕਿਵੇਂ ਸਾਬਤ ਕਰੇਂਗਾ ਕਿ ਜਾਨਵਰਾਂ ਦੀਆਂ ਅੱਖਾਂ ਮਨੁੱਖਾਂ ਤੋਂ ਤੇਜ਼ ਹੁੰਦੀਆਂ ਹਨ।''
ਪੰਕਜ, ''ਕੀ ਤੂੰ ਕਦੇ ਕਿਸੇ ਜਾਨਵਰ ਨੂੰ ਚਸ਼ਮਾ ਲਾਈ ਦੇਖਿਆ ਹੈ।''

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਬੇਲਗਾਮ ਮਨੁੱਖੀ ਤਸਕਰੀ ਇਨਸਾਨੀਅਤ ਲਈ ਖਤਰਾ

-ਡਾਕਟਰ ਰਜਿੰਦਰ ਕੌਰ-

19 ਜਨਵਰੀ ਨੂੰ ਮੈਨੀਟੋਬਾ ਨੇੜੇ ਕੈਨੇਡੀਅਨ ਬਾਰਡਰ ਉਤੇ ਇੱਕ ਗੁਜਰਾਤੀ ਪਰਵਾਰ ਦੇ ਚਾਰ ਜੀਆਂ ਦੀ ਕੜਾਕੇ ਦੀ ਠੰਢ ਨਾਲ ਦਮ ਤੋੜ ਜਾਣ ਦੀ ਖਬਰ ਨੂੰ ਬੇਲਗਾਮ ਹੋ ਕੇ ਲਗਾਤਰ ਵਧ ਰਹੀ ਮਨੁੱਖੀ ਤਸਕਰੀ ਨੂੰ ਇੱਕ ਵਾਰ ਫਿਰ ਕੌਮਾਂਤਰੀ ਪੱਧਰ ਉੱਤੇ ਉਭਾਰ ਦਿੱਤਾ ਹੈ। ਗੁਜਰਾਤ ਦੇ ਅਹਿਮਦਾਬਾਦ ਨੇੜੇ ਗਾਂਧੀਨਗਰ ਜ਼ਿਲੇ ਵਿੱਚ ਦਿਨਗੁਚਾ ਪਿੰਡ ਦੇ ਇਸ ਪਰਵਾਰ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਹ ਕਿੰਨੇ ਭਿਆਨਕ ਦਰਦਨਾਕ ਹਾਦਸੇ ਵੱਲ ਵਧ ਰਿਹਾ ਹੈ। ਏਜੰਟ ਰੂਪੀ ਖੂੰਖਾਰ ਤਸਕਰਾਂ ਦੇ ਹੱਥੇ ਚੜ੍ਹ ਕੇ ਸੁਨਹਿਰੇ ਭਵਿੱਖ ਲਈ ਦਿਖਾਏ ਝੂਠੇ ਸਬਜ਼ਬਾਗ ਦੇ ਜਾਲ ਵਿੱਚ ਫਸ ਕੇ, ਚੰਗੀ ਭਲੀ ਗੁਜ਼ਾਰਾ ਕਰਦੇ ਪੜ੍ਹੇ ਲਿਖੇ ਲੋਕ ਗੈਰ ਕਾਨੂੰਨੀ ਢੰਗ ਨਾਲ ਸਰਹੱਦਾਂ ਪਾਰ ਕਰਨ ਨੂੰ ਪਤਾ ਨਹੀਂ ਕਿਉਂ ਉਤਾਵਲੇ ਹਨ? ਝੂਠੀਆਂ ਸੰਸਾਰਕ ਲਾਲਸਾਵਾਂ ਦੀ ਪੂਰਤੀ ਲਈ, ਖਤਰਨਾਕ ਡੌਂਕੀਆਂ ਦੀ ਭੇਂਟ ਚੜ੍ਹਦੇ ਹਜ਼ਾਰਾਂ ਨੌਜਵਾਨ, ਪਰਵਾਰ ਸਮੇਤ ਰੋਜ਼ ਮਨੁੱਖੀ ਤਸਕਰੀ ਦਾ ਸ਼ਿਕਾਰ ਹੋ ਰਹੇ ਹਨ।

ਗੈਰ ਕਾਨੂੰਨੀ ਤਸਕਰੀ ਦਾ ਸ਼ਿਕਾਰ ਹੋਏ ਗੁਜਰਾਤੀ ਪਰਵਾਰ ਦੀ ਮੌਤ ਪਿੱਛੋਂ ਅੱਠ ਫਰਵਰੀ ਨੂੰ ਮਨੁੱਖੀ ਤਸਕਰੀ ਖਿਲਾਫ ਪ੍ਰਾਰਥਨਾ ਅਤੇ ਜਾਗਰੂਕਤਾ ਲਈ ਮਨਾਏ ਜਾਂਦੇ ਕੌਮਾਂਤਰੀ ਦਿਹਾੜੇ ਉੱਤੇ ਸੇਂਟ ਪੀਟਰਜ਼ ਸਕੁਏਅਰ ਵਿੱਚ ਪੋਪ ਫਰਾਂਸਿਸ ਨੇ ਘੱਟ ਵਿਕਸਿਤ ਇਲਾਕਿਆਂ ਦੇ ਲੋਕਾਂ ਵੱਲੋਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਅਤੇ ਯੂਰਪੀ ਦੇਸ਼ਾਂ ਵਿੱਚ ਜਾਣ ਦੇ ਯਤਨਾਂ ਨੂੰ ਮੁੱਖ ਰੱਖ ਕੇ ਚਿੰਤਾ ਜਤਾਈ ਤੇ ਕਿਹਾ ਕਿ 'ਤਸਕਰਾਂ ਵੱਲੋਂ ਮਨੁੱਖੀ ਜ਼ਿੰਦਗੀ ਨੂੰ ਚੰਦ ਸਿੱਕਿਆਂ ਖਾਤਰ ਦਾਅ ਉੱਤੇ ਲਾਉਣ ਕਰ ਕੇ ਵਾਪਰੇ ਇਸ ਘਿਨਾਉਣੇ ਕਾਰਨਾਮੇ ਨੇ ਮਨੁੱਖਤਾ ਲਈ ਗਹਿਰਾ ਜ਼ਖਮ ਛੱਡਿਆ ਹੈ।'

ਮਨੁੱਖੀ ਤਸਕਰੀ ਦਾ ਵੱਡਾ ਕਾਰਨ ਘੱਟ ਵਿਕਸਤ ਮੁਲਕਾਂ ਦੇ ਲੋਕ, ਜੋ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ ਤੇ ਮਾੜੇ ਸਰਕਾਰੀ ਤੰਤਰ ਦਾ ਸ਼ਿਕਾਰ ਹੋ ਕੇ ਸੁਨਹਿਰੇ ਭਵਿੱਖ ਦੀ ਕਾਮਨਾ ਹਿੱਤ ਵਿਕਸਤ ਮੁਲਕਾਂ ਵਿਚ ਕਾਨੂੰਨੀ, ਗੈਰ ਕਾਨੂੰਨੀ ਢੰਗ ਨਾਲ ਕੂਚ ਕਰਨ ਦਾ ਮਨ ਬਣਾ ਲੈਂਦੇ ਹਨ। 2020 ਦੇ ਸ਼ੁਰੂ ਤੋਂ ਸੰਸਾਰ ਪੱਧਰ ਤੇ ਤਕਰੀਬਨ 124 ਮਿਲੀਅਨ ਲੋਕ ਕਵਿਡ-19 ਮਹਾਮਾਰੀ ਕਰ ਕੇ ਅੱਤ ਦੀ ਗਰੀਬੀ ਵੱਲ ਧੱਕੇ ਗਏ ਹਨ। 2018 ਵਿਚ ਨੋਬੇਲ ਇਨਾਮ ਪ੍ਰਾਪਤ ਕਰਨ ਵਾਲੀ ਯਜ਼ੀਦੀ ਭਾਈਚਾਰੇ ਦੀ ਕੁੜੀ ਨਾਦੀਆ ਮੁਰਾਦ, ਜਿਸ ਨੂੰ 2014 ਵਿੱਚ ਇਰਾਕੇ ਦੇ ਕੋਚੋ ਪਿੰਡ ਤੋਂ ਅਗਵਾ ਕਰ ਕੇ ਤਿੰਨ ਮਹੀਨੇ ਦਾਸੀ ਬਣਾ ਕੇ ਰੱਖਿਆ ਗਿਆ ਤੇ ਸਮੂਹਿਕ ਰੂਪ ਵਿੱਚ ਸਰੀਰਕ ਸ਼ੋਸ਼ਣ ਕੀਤਾ ਗਿਆ ਸੀ, ਇਸ ਦਾ ਅਸਰ ਅਜੇ ਵੀ ਸੰਸਾਰ ਦੇ ਮਨੁੱਖੀ ਭਲਾਈ ਲਈ ਸਥਾਪਤ ਸੰਵੇਦਨਸ਼ੀਲ ਮੰਚਾਂ ਉੱਤੇ ਪੈ ਰਿਹਾ ਹੈ।

ਤਸਕਰੀ ਕੀਤੇ ਮਨੁੱਖਾਂ ਵਿੱਚੋਂ ਇੱਕ ਤਿਹਾਈ ਹਿੱਸਾ ਬੱਚੇ ਹੁੰਦੇ ਹਨ। ਇਨ੍ਹਾਂ ਇੱਕ ਤਿਹਾਈ ਬੱਚਿਆਂ ਵਿੱਚੋਂ 75 ਫੀਸਦੀ 15 ਸਾਲ ਤੱਕ ਦੇ ਹੁੰਦੇ ਹਨ, ਜਿਨ੍ਹਾਂ ਨੂੰ ਜਬਰੀ ਮਜ਼ਦੂਰੀ, ਭੀਖ, ਸਰੀਰਕ ਸ਼ੋਸ਼ਣ ਲਈ ਮਜਬੂਰ ਕੀਤਾ ਜਾਂਦਾ ਤੇ ਫਿਰ ਗੁਲਾਮ ਬਣਾ ਕੇ ਜਗ੍ਹਾ ਜਗ੍ਹਾ ਵਪਾਰ ਕੀਤਾ ਜਾਂਦਾ ਹੈ। ਬਾਲਗ ਮਨੁੱਖਾਂ ਦੀ ਤਸਕਰੀ ਉਨ੍ਹਾਂ ਦੇ ਨਰੋਏ ਸਰੀਰਕ ਅੰਗ ਕੱਢ ਕੇ ਵੇਚਣ ਲਈ ਕੀਤੀ ਜਾਂਦੀ ਹੈ। 2021 ਵਿੱਚ ਤਸਕਰੀ ਬਾਰੇ ਗਲੋਬਲ ਰਿਪੋਰਟ ਅਨੁਸਾਰ ਤਸਕਰੀ ਦਾ ਸ਼ਿਕਾਰ ਹੁੰਦੇ ਹਰ 10 ਮਨੁੱਖਾਂ ਵਿੱਚੋਂ ਪੰਜ ਬਾਲਗ ਔਰਤਾਂ ਅਤੇ ਦੋ ਕੁੜੀਆਂ ਹਨ, ਜੋ ਸਮੂਹਿਕ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। 2019 ਦੌਰਾਨ ਅਮਰੀਕਾ ਵਿੱਚ ਤਸਕਰੀ ਕੀਤੇ ਮਨੁੱਖਾਂ ਦਾ 62 ਫੀਸਦੀ ਹਿੱਸਾ ਸਿਰਫ ਸਰੀਰਕ ਸ਼ੋਸ਼ਣ ਲਈ ਹੀ ਕੀਤਾ ਗਿਆ ਹੈ। ਸੰਸਾਰ ਪੱਧਰ ਦੀ ਮਨੁੱਖੀ ਤਸਕਰੀ ਰੋਕਣ ਲਈ ਯੂ ਐੱਨ ਜਨਰਲ ਅਸੈਂਬਲੀ ਨੇ ਨੌਂ ਦਸੰਬਰ 1998 ਨੂੰ ਇੱਕ ਸੰਕਲਪ ਅਪਣ-ਾਇਆ, ਜਿਸ ਤਹਿਤ ਕੌਮਾਂਤਰੀ ਪੱਧਰ ਉੱਤੇ ਧਰਾਤਲੀ, ਹਵਾਈ ਤੇ ਸਮੁੰਦਰੀ ਰਸਤਿਆਂ ਰਾਹੀਂ ਤਸਕਰੀ ਕੀਤੇ ਜਾਂਦੇ ਔਰਤਾਂ, ਮਰਦਾਂ ਅਤੇ



ਬੱਚਿਆਂ ਨਾਲ ਯੋਜਨਾਬੱਧ ਸਜ਼ਿਸ਼ ਰਾਹੀਂ ਕੀਤੇ ਜਾਂਦੇ ਜੁਰਮਾਂ ਨੂੰ ਠੱਲ੍ਹ ਪਾਉਣ ਲਈ ਇਕਰਾਰਨਾਮਾ ਕੀਤਾ ਗਿਆ, ਜੋ 29 ਸਤੰਬਰ 2003 ਨੂੰ ਹਰਕਤ ਵਿੱਚ ਆਇਆ।

2004 ਵਿੱਚ ਯੂ ਐੱਨ ਦੇ ਡਰੱਗਜ਼ ਅਤੇ ਅਪਰਾਧਾਂ ਨਾਲ ਸੰਬੰਧਤ ਦਫਤਰ ਨੂੰ ਦਿੱਤੀ ਸੂਚਨਾ ਵਿੱਚ ਉਸ ਵੇਲੇ ਦੇ ਯੂ ਐੱਨ ਦੇ ਸੈਕਟਰੀ ਜਨਰਲ ਕੌਫੀ ਅੰਨਾਨ ਨੇ ਮਨੁੱਖੀ ਤਸਕਰੀ ਕਰਨ ਵਾਲੀਆਂ ਤਾਕਤਾਂ ਨੂੰ ਗੈਰ ਸਭਿਅਕ ਸਮਾਜ ਕਿਹਾ ਸੀ। ਕੌਫੀ ਅੰਨਾਨ ਨੇ ਕਿਹਾ ਸੀ ਕਿ ''ਅੱਤਵਾਦੀ ਤੇ ਅਪਰਾਧਕ ਗਤੀਵਿਧੀਆਂ ਸਮੇਤ ਡਰੱਗ ਤੇ ਮਨੁੱਖੀ ਤਸਕਰੀ ਵਿੱਚ ਰੁੱਝੇ ਇਹ ਗੈਰ ਸਭਿਅਕ ਸਮਾਜ ਵੱਖ-ਵੱਖ ਮੁਲਕਾਂ ਵਿੱਚ ਚੱਲਦੇ ਹਨ, ਜਿਸ ਉਤੇ ਪ੍ਰਸ਼ਾਸਨਿਕ ਕੋਸ਼ਿਸ਼ ਦਾ ਕੋਈ ਅਸਰ ਨਹੀਂ ਹੁੰਦਾ, ਬਲਕਿ ਇਸ ਗੈਰ ਸਭਿਅਕ ਸਮਾਜ ਦੀ ਕਾਰਵਾਈ ਅਤਿ ਦਰਜੇ ਦੀ ਅਸਭਿਅਕ ਹੁੰਦੀ ਹੈ।''

ਕੌਮਾਂਤਰੀ ਪੱਧਰ ਉਤੇ ਯੋਜਨਾਬੱਧ ਜੁਰਮਾਂ ਖਿਲਾਫ ਯੂ ਐਨ ਸਮਝੌਤੇ, ਕਨਵੈਨਸ਼ਨ ਦਾ ਮੁੱਖ ਉਦੇਸ਼ ਮੁੱਖ ਰੂਪ ਵਿੱਚ ਦੋ ਮੁੱਦਿਆਂ ਨਾਲ ਨਜਿੱਠਣਾ ਹੈ: ਔਰਤਾਂ, ਮਰਦਾਂ ਤੇ ਬੱਚਿਆਂ ਦੀ ਤਸਕਰੀ, ਤੇ ਧਰਾਤਲੀ, ਹਵਾਈ ਅਤੇ ਸਮੁੰਦਰੀ ਰਸਤਿਆਂ ਰਾਹੀਂ ਤਸਕਰੀ ਕੀਤੇ ਜਾਂਦੇ ਪਰਵਾਸੀ। ਇਨ੍ਹਾਂ ਮੁੱਦਿਆਂ, ਏਜੰਡਿਆਂ ਦੀ ਪੂਰਤੀ ਲਈ 'ਯੂ ਐਨ ਵਲੰਟੀਅਰ ਟਰੱਸਟ ਫੰਡ' ਵੀ ਕਾਇਮ ਕੀਤਾ ਗਿਆ। 'ਯੂ ਐਨ ਡਰੱਗਜ਼ ਅਤੇ ਕਰਾਈਮ ਆਫਿਸ' ਦੀ ਕਾਰਜਕਾਰੀ ਡਾਇਰੈਕਟਰ ਘਾਡਾ ਵਲੀ ਨੇ ਕਿਹਾ, ''ਅਸੀਂ ਤਸਕਰੀ ਦੇ ਸ਼ਿਕਾਰ ਲੋਕਾਂ ਨੂੰ ਸਹਿਯੋਗ ਦੇ ਕੇ ਉਨ੍ਹਾਂ ਨੂੰ ਨਿਆਂ ਅਤੇ ਸ਼ਕਤੀ ਦੇਂਦੇ ਹਾਂ।''

ਗੈਰ ਕਾਨੂੰਨੀ ਢੰਗ ਨਾਲ ਫਰਜ਼ੀ ਦਸਤਾਵੇਜ਼ਾਂ ਨਾਲ ਫਰੇਬੀ ਯਾਤਰਾਵਾਂ ਨਾਲ ਮਨੁੱਖੀ ਤਸਕਰ ਆਪਣੇ ਨਿੱਜੀ ਹਿੱਤਾਂ ਲਈ ਪਰਵਾਸੀਆਂ ਦੀ ਜਾਨ ਨਾਲ ਖੇਡਦੇ ਹਨ। ਭਾਰਤ ਨੇ 'ਕੌਮਾਂਤਰੀ ਪੱਧਰ ਉਤੇ ਯੋਜਨਾਬੱਧ ਜੁਰਮਾਂ ਖਿਲਾਫ ਯੂ ਐੱਨ ਕਨਵੈਨਸ਼ਨ' ਉੱਤੇ 12 ਦਸੰਬਰ 2002 ਵਿੱਚ ਦਸਤਖਤ ਕੀਤੇ ਅਤੇ ਐਲਾਨ ਕੀਤਾ ਸੀ ਕਿ 'ਤਸਕਰੀ ਹੇਠ ਕਾਬੂ ਕੀਤੇ ਮਨੁੱਖਾਂ ਨੂੰ ਕਨਵੈਨਸ਼ਨ ਨਾਲ ਸੰਬੰਧਤ ਦੇਸ਼ਾਂ ਨੂੰ ਹਵਾਲਗੀ/ ਸੁਪਰਦਗੀ ਦੇਣ ਲਈ ਭਾਰਤ ਕਨਵੈਨਸ਼ਨ ਨੂੰ ਕਾਨੂੰਨੀ ਆਧਾਰ ਮੰਨੇਗਾ ਅਤੇ ਕੌਮਾਂਤਰੀ ਮਿਲਵਰਤਨ ਹੇਠ ਹਰ ਸੰਭਵ ਤਰੀਕੇ ਨਾਲ ਆਪਸੀ ਕਾਨੂੰਨੀ ਸਹਾਇਤਾ ਦੇਵੇਗਾ।'

ਉਂਝ ਸੰਸਾਰ ਪੱਧਰ ਦੇ ਅਜਿਹੇ ਪ੍ਰਬੰਧਾਂ ਦੇ ਬਾਵਜੂਦ ਮਨੁੱਖੀ ਤਸਕਰੀ ਲਗਾਤਾਰ ਵਧ ਰਹੀ ਹੈ। ਭਾਰਤ ਅੰਦਰ ਵੀ ਭਾਵੇਂ ਇਸ ਬਾਰੇ ਸਖਤ ਕਾਨੂੰਨੀ ਦੰਡਾਵਲੀ ਮੌਜੂਦ ਹੈ, ਪਰ ਮਨੁੱਖੀ ਤਸਕਰੀ ਨਾਲ ਨਜਿੱਠਣ ਲਈ ਵਿਆਪਕ ਯੋਜਨਾਵਾਂ ਢੁੱਕਵੇਂ ਅਤੇ ਅਸਰਦਾਰ ਢੰਗ ਨਾਲ ਸਮਰਪਿਤ ਅਦਾਰਿਆਂ ਰਾਹੀਂ ਫੌਰੀ ਅਤੇ ਸਖਤੀ ਨਾਲ ਲਾਗੂ ਕਰਨ ਦੀ ਲੋੜ ਹੈ, ਨਹੀਂ ਤਾਂ ਤਸਕਰੀ ਦੇ ਸ਼ਿਕਾਰ ਲੋਕ ਦਰਦ-ਨਾਕ ਹਾਦਸਿਆਂ ਦੀ ਭੇਟ ਚੜ੍ਹਦੇ ਰਹਿਣਗੇ।

# ਪੰਜਾਬ ਦੀ ਨਵੀਂ ਸਰਕਾਰ: ਪਿੰਡ ਹਾਲੇ ਬੱਝਾ ਨਹੀਂ, ਉਚੱਕੇ ਪਹਿਲਾਂ ਹੀ ਤਿਆਰ ਖੜੇ ਨੇ



ਜਤਿੰਦਰ ਪੰਨੂ

ਵੀਹ ਫਰਵਰੀ ਦੇ ਦਿਨ ਜਦੋਂ ਪੰਜਾਬ ਵਿਧਾਨ ਸਭਾ ਲਈ ਵੋਟਾਂ ਪੈਣ ਦਾ ਕੰਮ ਸਿਰੇ ਚੜ੍ਹ ਚੁੱਕਾ ਸੀ, ਅਗਲੇ ਦਿਨ ਸਾਨੂੰ ਅਚਾਨਕ ਇੱਕ ਸੱਜਣ ਦਾ ਫੋਨ ਆ ਗਿਆ, ਜਿਹੜਾ ਪੰਜਾਬ ਦੀਆਂ ਸਾਰੀਆਂ ਸਰਕਾਰਾਂ ਦੇ ਵਕਤ ਰਾਜ ਦਰਬਾਰ ਦੇ ਗਲਿਆਰਿਆਂ ਵਿੱਚ ਜਾਣਿਆ-ਪਛਾਣਿਆ ਨਾਂਅ ਬਣਿਆ ਰਹਿੰਦਾ ਹੈ। ਮੈਂ ਉਸ ਨੂੰ ਕੋਈ ਤੀਹ ਤੋਂ ਵੱਧ ਸਾਲਾਂ ਤੋਂ ਜਾਣਦਾ ਸਾਂ ਅਤੇ ਹਾਸੇ-ਠੱਠੇ ਵਿੱਚ ਗੰਭੀਰ ਕਿਸਮ ਦੇ ਇਸ਼ਾਰੇ ਕਰਨ ਦਾ ਉਹ ਮਾਹਰ ਕਿਹਾ ਜਾਂਦਾ ਹੈ। ਬਹੁਤ ਸਾਰੇ ਹੋਰਨਾਂ ਲੋਕਾਂ ਵਾਂਗ ਸਾਡੀ ਦੋਵਾਂ ਦੀ ਗੱਲਬਾਤ ਵੀ ਏਥੋਂ ਹੀ ਸ਼ੁਰੂ ਹੋਈ ਕਿ ਕਿਸ ਪਾਰਟੀ ਦੀਆਂ ਕਿੰਨੀਆਂ ਕੁ ਸੀਟਾਂ ਆਉਣ ਦੇ ਹਾਲਾਤ ਹਨ ਅਤੇ ਸਰਕਾਰ ਕਿਸ ਦੀ ਬਣੇਗੀ। ਅਚਾਨਕ ਅਸੀਂ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਦੀ ਹਾਲਤ ਬਾਰੇ ਪੁੱਛ ਲਿਆ ਤਾਂ ਜਵਾਬ ਵਿੱਚ ਉਸ ਨੇ ਕਿਹਾ ਕਿ ਉਸ ਨਾਲ ਏਨੀ ਮਾੜੀ ਹੋਣ ਵਾਲੀ ਹੈ ਕਿ ਪਟਿਆਲੇ ਦੀ ਉਸ ਦੀ ਆਪਣੀ ਸੀਟ ਜਿੱਤਣੀ ਵੀ ਯਕੀਨੀ ਨਹੀਂ। ਮੈਂ ਉਸ ਦੀ ਗੱਲ ਨਾਲ ਸਹਿਮਤ ਨਹੀਂ ਸੀ ਅਤੇ ਇਸ ਇਸ਼ਾਰੇ ਨੂੰ ਰੱਦ ਕਰਨ ਦਾ ਵੀ ਮੇਰੇ ਕੋਲ ਕੋਈ ਠੋਸ ਕਾਰਨ ਨਹੀਂ ਸੀ, ਇਸ ਲਈ ਉਲਟਾ ਉਸ ਨੂੰ ਅਮਰਿੰਦਰ ਸਿੰਘ ਦੇ ਏਨੇ ਮਾੜੇ ਹਾਲਾਤ ਹੋਣ ਦਾ ਖਾਸ ਕਾਰਨ ਪੁੱਛ ਲਿਆ। ਅਗਲੀ ਸਾਰੀ ਲਿਖਤ ਉਸ ਦੇ ਜਵਾਬ ਉੱਤੇ ਆਧਾਰਤ ਹੈ।

ਉਸ ਮਿੱਤਰ ਨੇ ਪਹਿਲਾਂ ਇਹ ਚੇਤੇ ਕਰਵਾਇਆ ਕਿ ਪਹਿਲੀ ਵਾਰ ਮੁੱਖ ਮੰਤਰੀ ਬਣੇ ਅਮਰਿੰਦਰ ਸਿੰਘ ਦੀ ਕਿੰਨੀ ਚੜ੍ਹਤ ਸੀ ਅਤੇ ਉਸ ਦੀ ਈਮਾਨਦਾਰੀ ਦੀ ਧੁੰਮ ਸੀ, ਪਰ ਰਵੀ ਸਿੱਧੂ ਵਾਲੇ ਜਿਸ ਕੇਸ ਨਾਲ ਉਸ ਦੀ ਚੜ੍ਹਤ ਬਣੀ, ਉਹੋ ਕੇਸ ਫਿਰ ਉਸ ਸਰਕਾਰ ਦੇ ਜੜ੍ਹੀਂ ਬਹਿਣ ਵਾਲਾ ਸਾਬਤ ਹੋਇਆ ਸੀ। ਜਦੋਂ ਭ੍ਰਿਸ਼ਟਾਚਾਰ ਦੀ ਹਨੇਰੀ ਝੁਲਾ ਚੁੱਕੇ ਰਵੀ ਸਿੱਧੂ ਦੇ ਬੈਂਕ ਲਾਕਰ ਖੋਲ੍ਹੇ ਤਾਂ ਉਨ੍ਹਾਂ ਲਾਕਰਾਂ ਵਿੱਚੋਂ ਮਿਲੇ ਨੋਟ ਦਰੀ ਉੱਤੇ ਵਿਛਾਉਣ ਨਾਲ ਬੈਂਕ ਦਾ ਫਰਸ਼ ਢੱਕਿਆ ਗਿਆ ਸੀ। ਫਿਰ ਉਸ ਦੌਲਤ ਨੂੰ ਜਿਹੜੇ ਚਾਟੜਿਆਂ ਨੇ ਕੁੰਡੀ ਲਾਈ ਸੀ, ਬਦਨਾਮੀ ਦਾ ਮੁੱਢ ਉਨ੍ਹਾਂ ਨੇ ਬੰਨ੍ਹਿਆ ਸੀ। ਉਸ ਦੇ ਬਾਅਦ ਇੱਕ ਦਿਨ ਖਬਰ ਆਈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇੱਕ ਮੰਤਰੀ ਨੂੰ ਬਰੇਕ ਫਾਸਟ ਦੇ ਲਈ ਘਰ ਸੱਦਿਆ ਅਤੇ ਪ੍ਰੇਮ ਨਾਲ ਖਾਣਾ ਖੁਆਉਣ ਦੇ ਬਾਅਦ ਕਹਿ ਦਿੱਤਾ ਸੀ ਕਿ ਫਲਾਣੇ ਬੰਦੇ ਤੋਂ ਮੇਰੇ ਨਾਂਅ ਉੱਤੇ ਜਿਹੜੇ ਪੈਸੇ ਤੁਸੀਂ ਲਏ ਹਨ, ਉਹ ਵਾਪਸ ਕਰ ਦਿਓ। ਹੋਰ ਕੁਝ ਕਹੇ ਬਿਨਾਂ ਏਨੀ ਗੱਲ ਨਾਲ ਹਰ ਕਿਸੇ ਨੂੰ ਸੰਦੇਸ਼ ਦੇ ਦਿੱਤਾ ਸੀ ਕਿ ਅਮਰਿੰਦਰ ਸਿੰਘ ਨੂੰ ਬੇਈਮਾਨੀ ਬਰਦਾਸ਼ਤ ਨਹੀਂ ਹੋਵੇਗੀ, ਪਰ ਰਵੀ ਸਿੱਧੂ ਵਾਲੇ ਲਾਕਰਾਂ ਦੇ ਕਿੱਸੇ ਮਗਰੋਂ ਉਹ ਸੰਦੇਸ਼ ਰੁਲ ਕੇ ਰਹਿ ਗਿਆ ਤੇ ਬਦਨਾਮੀ ਕਰਵਾ ਕੇ ਅਗਲੀ ਵਾਰੀ ਚੋਣਾਂ ਵਿੱਚ ਉਹ ਬੁਰੀ ਤਰ੍ਹਾਂ ਹਾਰ ਗਏ ਸਨ।

ਇਸ ਕਹਾਣੀ ਦੇ ਬਾਅਦ ਉਸ ਮਿੱਤਰ ਨੇ ਕਿਹਾ ਕਿ ਦਸ ਸਾਲ ਰਾਜ-ਸੱਤਾ ਤੋਂ ਬਨਵਾਸ ਮਗਰੋਂ ਮਸਾਂ ਪੰਜਾਬ ਦੇ ਲੋਕਾਂ ਦਾ ਭਰੋਸਾ ਮਿਲਿਆ ਅਤੇ ਕੈਪਟਨ ਅਮਰਿੰਦਰ ਸਿੰਘ ਦੂਸਰੀ ਵਾਰੀ ਮੁੱਖ ਮੰਤਰੀ ਬਣਿਆ, ਪਰ ਇਸ ਵਾਰ ਉਸ ਨੇ ਮੁੱਖ ਮੰਤਰੀ ਵਜੋਂ ਕੰਮ ਹੀ ਨਹੀਂ ਕੀਤਾ, ਸਾਰਾ ਕੁਝ ਚਹੇਤਿਆਂ ਨੂੰ ਸੌਂਪ ਦਿੱਤਾ ਤੇ ਉਹ ਚੇਲੇ ਲੈ ਡੁੱਬੇ ਸਨ। ਚਹੇਤੇ ਕੌਣ ਸਨ ਅਤੇ ਉਨ੍ਹਾਂ ਨੇ ਕੈਪਟਨ ਦੀ ਕਿਸ਼ਤੀ ਡੁੱਬਣ ਦਾ ਸਬੱਬ ਕਿੱਦਾਂ ਬਣਾਇਆ, ਰਾਜ-ਦਰਬਾਰ ਵਿੱਚ ਚਲਤੇ-ਪੁਰਜ਼ੇ ਵਜੋਂ ਜਾਣੇ ਜਾਂਦੇ ਉਸ ਸੱਜਣ ਨੇ ਇਹ ਵੀ ਦੱਸ ਦਿੱਤਾ। ਉਸ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਖੁਦ ਕਦੇ ਸਰਕਾਰੀ ਫਾਈਲਾਂ ਵੇਖਦਾ ਨਹੀਂ ਸੀ ਅਤੇ ਇਹ ਕੰਮ ਉਸ ਨੇ ਜਿਹੜੇ ਚਹੇਤਿਆਂ ਦੇ ਜ਼ਿੰਮੇ ਲਾ ਰੱਖਿਆ ਸੀ, ਉਨ੍ਹਾਂ ਦੀ ਕਮਾਨ ਉਨ੍ਹਾਂ ਅਫਸਰਾਂ ਦੇ ਹੱਥ ਸੀ, ਜਿਨ੍ਹਾਂ ਨੇ ਸਾਰੀ ਉਮਰ ਈਮਾਨਦਾਰੀ ਦਾ ਢੋਲ ਵਜਾਇਆ ਤੇ ਰਿਟਾਇਰ ਹੋਣ ਦੇ ਨੇੜੇ ਜਾ ਕੇ ਸਾਰੀ ਉਮਰ ਦੀ ਕਸਰ ਕੱਢ ਲਈ ਸੀ। ਉਹ ਅਫਸਰ ਪਿਛਲੀ ਬਾਦਲ ਸਰਕਾਰ ਦੇ ਵਕਤ ਅਕਾਲੀ ਦਲ ਦੇ ਪ੍ਰਧਾਨ ਦੇ ਸਭ ਤੋਂ ਵੱਧ ਭਰੋਸੇਮੰਦ ਗਿਣੇ ਜਾਂਦੇ ਰਹੇ ਸਨ ਤੇ ਬਿਜਲੀ ਕੰਪਨੀਆਂ ਨਾਲ ਸਮਝੌਤੇ ਕਰਾਉਣ ਦੇ ਕੰਮ ਵਿੱਚ ਚੋਖੀ ਮੋਟੀ ਦਲਾਲੀ ਲੈਣ ਦੀ ਚਰਚਾ ਵੀ ਉਨ੍ਹਾ ਦੀ ਹੁੰਦੀ ਰਹੀ ਸੀ, ਪਰ ਕੈਪਟਨ ਅਮਰਿੰਦਰ ਸਿੰਘ ਦਾ ਰਾਜ ਆਇਆ ਤਾਂ ਅਫਸਰਸ਼ਾਹੀ ਦੀ ਨੱਥ ਮੁੜ ਕੇ ਉਨ੍ਹਾਂ ਅਫਸਰਾਂ ਦੇ ਹੱਥ ਫੜਾ ਦਿੱਤੀ ਗਈ। ਇਸ ਕਾਰਨ ਹੇਠਲੇ ਅਫਸਰ ਆਪਣੇ ਸਿਰ ਉੱਤੇ ਸਵਾਰ ਉਨ੍ਹਾਂ ਸ਼ਾਹੀ ਚਹੇਤਿਆਂ ਦੇ ਖਿਲਾਫ ਹਰ ਗੱਲ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਵੀ ਤੇ ਮੀਡੀਏ ਨੂੰ ਵੀ ਉਚੇਚ ਨਾਲ ਪੁਚਾਉਂਦੇ ਰਹਿੰਦੇ ਸਨ, ਪਰ ਅਫਸਰੀ ਧਾੜ ਦੇ ਆਪਸੀ ਪਾਟਕ ਦੇ ਕਾਰਨ ਹਰ ਕੋਈ ਆਪਣਾ ਪੱਲਾ ਬਚਾਉਣ ਲਈ ਜ਼ੋਰ ਲਾਉਂਦਾ ਸੀ, ਕੈਪਟਨ ਅਮਰਿੰਦਰ ਸਿੰਘ ਦੇ ਅਕਸ ਦੀ ਚਿੰਤਾ ਕਿਸੇ ਨੂੰ ਬਿਲਕੁਲ ਨਹੀਂ ਸੀ। ਇਸ ਦੀ ਥਾਂ ਸਗੋਂ ਉਨ੍ਹਾਂ ਵਿੱਚੋਂ ਹਰ ਕੋਈ ਕਾਰਿੰਦਾ ਮੁੱਖ ਮੰਤਰੀ ਦੇ ਚਹੇਤਿਆਂ ਦੀ ਟੀਮ ਵਿਚਲੇ ਆਪਣੇ ਨਾਲ ਖਾਰ ਖਾਣ ਵਾਲੇ ਦੂਸਰੇ ਅਫਸਰ ਖਿਲਾਫ ਜਾਣ ਵਾਲੀ ਹਰ ਗੱਲ ਆਪਣੇ ਖਾਸ ਨੇੜਲੇ ਗਿਣੇ ਜਾਂਦੇ ਪੱਤਰਕਾਰਾਂ ਨੂੰ ਖੁਦ ਲੀਕ ਕਰਦਾ ਰਹਿੰਦਾ ਸੀ।

ਤੀਸਰੀ ਗੱਲ ਉਸ ਨੇ ਹੋਰ ਵੀ ਹੈਰਾਨੀ ਵਾਲੀ ਦੱਸੀ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਹੁਤ ਨੇੜੇ ਗਿਣੇ ਜਾ ਰਹੇ ਮੰਤਰੀ ਵੀ ਕਾਂਗਰਸ ਛੱਡ ਕੇ ਉਸ ਨਾਲ ਇਸ ਲਈ ਨਹੀਂ ਗਏ ਕਿ ਅਫਸਰਾਂ ਦੀ ਬੇਹੂਦਗੀ ਦਾ ਸੇਕ ਉਨ੍ਹਾਂ ਨੂੰ ਵੀ ਲੱਗਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਇੱਕ ਸਿਰਕੱਢ ਮੰਤਰੀ ਦਾ ਨਾਂਅ ਲੈ ਕੇ ਉਸ ਨੇ ਕਿਹਾ ਕਿ ਉਸ ਮੰਤਰੀ ਦੀ ਬੇਇੱਜ਼ਤੀ ਉਸ ਦੇ ਕੁੜਮਾਚਾਰੀ ਦੇ ਰਿਸ਼ਤੇਦਾਰਾਂ ਦੇ ਸਾਹ-ਮਣੇ ਕੈਪਟਨ ਦੇ ਚਹੇਤੇ ਇੱਕ ਅਫਸਰ ਨੇ ਇੰਜ ਕੀਤੀ ਸੀ ਕਿ ਉਹ ਓਸੇ ਰਾਤ ਮੁੱਖ ਮੰਤਰੀ ਨੂੰ ਅਸਤੀਫਾ ਦੇਣ ਚੱਲਿਆ ਸੀ। ਕੈਪਟਨ ਅਮਰਿੰਦਰ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਆਪ ਫੋਨ ਕੀਤਾ ਅਤੇ ਮੰਤਰੀ ਨੂੰ ਅਸਤੀਫਾ ਨਾ ਦੇਣ ਲਈ ਮਨਾਇਆ ਸੀ, ਪਰ ਉਸ ਦੇ ਮਨ ਵਿਚਲੀ ਉਹ ਕੌੜ ਫਿਰ ਜੜ੍ਹਾਂ ਜਮਾਈ ਬੈਠੀ ਰਹੀ ਅਤੇ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਛੱਡੀ ਤਾਂ ਉਸ ਦੇ ਵਾਰ-ਵਾਰ ਕੀਤੇ ਫੋਨ ਦੇ ਬਾਵਜੂਦ ਉਸ ਨਾਲ ਜਾਣਾ ਨਹੀਂ ਸੀ ਮੰਨਿਆ, ਹਾਲਾਂਕਿ ਦੋਵਾਂ ਦੇ ਸੰਬੰਧ ਬਹੁਤ ਨਿੱਘੇ ਰਹਿ ਚੁੱਕੇ ਸਨ। ਜਿਹੜੇ ਬੰਦਿਆਂ ਉੱਤੇ ਕੈਪਟਨ ਅਮਰਿੰਦਰ ਸਿੰਘ ਦਾ ਬਹੁਤਾ ਭਰੋਸਾ ਸੀ, ਉਹ ਵੀ ਉਸ ਦੇ ਨਾਲ ਨਹੀਂ ਰਹਿ ਗਏ, ਪਰ ਉਨ੍ਹਾਂ ਦੇ ਕੈਪਟਨ ਦਾ ਸਾਥ ਛੱਡਣ ਦਾ ਕਾਰਨ ਇਹ ਸੀ ਕਿ ਗਿਰਝਾਂ ਵਾਂਗ ਤਾਜ਼ਾ ਮਾਸ ਚੂੰਡ ਕੇ ਖਾਣ ਤੇ ਪਰੋਸਣ ਦੇ ਸ਼ੌਕੀਨ ਉਨ੍ਹਾਂ ਲੋਕਾਂ ਨੂੰ ਪਤਾ ਸੀ ਕਿ ਗੱਦੀਉਂ ਲੱਥੇ ਲੀਡਰ ਦੇ ਨਾਲ ਰਹਿਣ ਦਾ ਯੁੱਗ ਨਹੀਂ ਰਹਿ ਗਿਆ। ਉਨ੍ਹਾਂ ਨੂੰ ਖਤਰਾ ਸੀ ਕਿ ਨਵੀਂ ਸਰਕਾਰ ਜੇ ਕਿਤੇ ਏਦਾਂ ਦੀ ਆ ਗਈ, ਜਿਹੜੀ ਪੁਰਾਣੇ ਕਿੱਸੇ ਫੋਲਣ ਲੱਗ ਸਕਦੀ ਹੋਈ ਤਾਂ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦਾ ਬਚਾਅ ਕਰਨ ਦੀ ਸਥਿਤੀ ਵਿੱਚ ਨਹੀਂ, ਇਸ ਕਰ ਕੇ ਉਹ ਸਿੱਧੇ ਦਿੱਲੀ ਵਾਲੇ ਉਨ੍ਹਾਂ ਆਗੂਆਂ ਕੋਲ ਪਹੁੰਚਣ ਲੱਗੇ ਹਨ, ਜਿਨ੍ਹਾਂ ਨਾਲ ਸਿਆਸਤ ਦੀ ਸਾਂਝ ਦੇ ਭਰਮ ਹੇਠ ਅਮਰਿੰਦਰ ਸਿੰਘ ਖੁਦ ਆਪਣੇ ਬਹਾਲੀ ਦੇ ਯਤਨ ਕਰਦਾ ਪਿਆ ਹੈ।

ਹੈਰਾਨੀ ਦੀ ਗੱਲ ਹੈ ਕਿ ਜਿਹੜੇ ਚਾਟੜੇ ਲੰਮਾ ਸਮਾਂ ਕੈਪਟਨ ਅਮਰਿੰਦਰ ਸਿੰਘ ਨਾਲ ਲੱਗੇ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਕੁਝ ਪਿਛਲੀ ਬਾਦਲ ਸਰਕਾਰ ਦੇ ਦੋ-ਤਿੰਨ ਸਰਕਰਦਾ ਸਿਰਾਂ ਨਾਲ ਵੀ ਨੇੜ ਦਾ ਨਿੱਘ ਮਾਣਦੇ ਰਹੇ ਸਨ, ਹਾਲਾਤ ਦਾ ਪਲਟਾ ਵੱਜਦੇ ਸਾਰ ਉਹ ਦਿੱਲੀ ਵਾਲੀ ਸੜਕੇ ਪੈ ਗਏ। ਓਧਰ ਦਿੱਲੀ ਤੋਂ ਆਉਂਦੀਆਂ ਕਨਸੋਆਂ ਇਹ ਦੱਸਦੀਆਂ ਹਨ ਕਿ ਏਦਾਂ ਦੇ ਸੱਜਣਾਂ ਦੀ ਓਥੇ ਵਿਖਾਵੇ ਜੋਗੀ ਬਹਿਜਾ-ਬਹਿਜਾ ਤਾਂ ਹੁੰਦੀ ਹੈ, ਪਰ ਇਨ੍ਹਾਂ ਉੱਤੇ ਖਾਸ ਇਤਬਾਰ ਨਹੀਂ ਕੀਤਾ ਜਾ ਰਿਹਾ, ਕਿਉਂਕਿ ਓਥੋਂ ਵਾਲਿਆਂ ਨੂੰ ਪਤਾ ਹੈ ਕਿ ਇਹ ਲੋਕ ਜਿਸ ਥਾਲੀ ਵਿੱਚ ਖਾਣ, ਮੌਕਾ ਮਿਲਦੇ ਹੀ ਉਸ ਵਿੱਚ ਵੀ ਛੇਕ ਕਰਿਆ ਕਰਦੇ ਹਨ। ਰੂਸ ਦੇ ਚਿੰਤਕ ਤੇ ਇਨਕਲਾਬੀ ਆਗੂ ਲੈਨਿਨ ਨੇ ਇੱਕ ਵਾਰੀ ਲਿਖਿਆ ਸੀ ਕਿ ਮੱਧ ਵਰਗ ਦੇ ਲੋਕ ਮੌਕੇ ਦੀ ਤਾੜ ਵਿੱਚ ਰਹਿੰਦੇ ਹਨ, ਜੇ ਤੁਸੀਂ ਜਿੱਤਦੇ ਜਾਪਦੇ ਹੋਵੋ ਤਾਂ ਤੁਹਾਡੇ ਹੱਥੋਂ ਕਿਰਪਾਨ ਖੋਹ ਕੇ ਤੁਹਾਡੇ ਤੋਂ ਪਹਿਲਾਂ ਤੁਹਾਡੇ ਦੁਸ਼ਮਣ ਦਾ ਸਿਰ ਲਾਹ ਦੇਣਗੇ, ਪਰ ਜੇ ਤੁਸੀਂ ਹਾਰਦੇ ਨਜ਼ਰ ਆਏ ਤਾਂ ਦੁਸ਼ਮਣ ਦੀ ਕਿਰਪਾਨ ਚੁੱਕ ਕੇ ਤੁਹਾਨੂੰ ਵੀ ਟੁੱਕ ਸਕਦੇ ਹਨ। ਅੱਜਕੱਲ੍ਹ ਪੰਜਾਬ ਦੀ ਰਾਜਨੀਤੀ ਵਿੱਚ ਵੀ ਏਦਾਂ ਦਾ 'ਮੱਧ-ਵਰਗ' ਕਿਸੇ ਵੀ ਹੋਰ ਧਿਰ ਤੋਂ ਵੱਧ ਤਕੜੀ ਧਾੜ ਦੇ ਰੂਪ ਵਿੱਚ ਆਪਣੀ ਨਿਵੇਕਲੀ ਥਾਂ ਬਣਾ ਚੁੱਕਾ ਹੈ, ਜਿਹੜਾ ਕਿਸੇ ਵੀ ਹਾਕਮ ਦੀ ਖਿਦਮਤ ਦੇ ਲਈ ਕਿਸੇ ਵੀ ਹੱਦ ਤੱਕ, ਰਾਤਾਂ ਦੀਆਂ ਮਹਿਫਲਾਂ ਦੇ ਰੰਗ ਭਰਨ ਤੱਕ ਵੀ, ਜਾ ਸਕਦਾ ਹੈ ਅਤੇ ਹਾਲਾਤ ਦਾ ਪਲਟਾ ਵੱਜ ਜਾਵੇ ਤਾਂ ਕੱਲ੍ਹ ਦੇ ਹਾਕਮਾਂ ਨੂੰ ਜੇਲ੍ਹ ਦੀਆਂ ਸੀਖਾਂ ਤੱਕ ਪੁਚਾਉਣ ਲਈ ਵੀ ਤਿਆਰ ਹੋ ਸਕਦਾ ਹੈ।

ਅਸੀਂ ਨਹੀਂ ਜਾਣਦੇ ਕਿ ਦਸ ਮਾਰਚ ਨੂੰ ਆਏ ਚੋਣਾਂ ਦੇ ਨਤੀਜਿਆਂ ਪਿੱਛੋਂ ਪੰਜਾਬ ਦੀ ਵਾਗ ਕਿਸ ਪਾਰਟੀ ਦੇ ਕਿਸ ਲੀਡਰ ਨੇ ਸੰਭਾਲਣੀ ਹੈ, ਪਰ ਇਹ ਕਹਿਣਾ ਚਾਹਾਂਗੇ ਕਿ ਸੱਤਾ ਦਾ ਨਸ਼ਾ ਸਿਰ ਚੜ੍ਹ ਜਾਵੇ ਤਾਂ ਹਾਕਮਾਂ ਦੀ ਮੱਤ ਮਾਰਨ ਦੇ ਲਈ ਏਦਾਂ ਦਾ 'ਸਿਆਸੀ ਮੱਧ-ਵਰਗ' ਉਨ੍ਹਾਂ ਦਾ ਘੇਰਾ ਘੱਤਣ ਨੂੰ ਤਿਆਰ ਖੜਾ ਹੁੰਦਾ ਹੈ। ਹਾਕਮ ਕੋਈ ਵੀ ਬਣ ਜਾਵੇ, ਪੰਜਾਬ ਦੇ ਲੋਕਾਂ ਦਾ ਭਲਾ ਇਸ ਗੱਲ ਵਿੱਚ ਹੈ ਕਿ ਨਵੇਂ ਹਾਕਮ ਪਿਛਲਿਆਂ ਦੀ ਕੰਮਾਂ ਦੀ ਥਾਂ ਉਨ੍ਹਾਂ ਦੀਆਂ ਗਲਤੀਆਂ ਤੋਂ ਸਿੱਖਣ ਦਾ ਯਤਨ ਕਰਨ, ਜਿਹੜੀਆਂ ਉਨ੍ਹਾਂ ਦੇ ਜੜ੍ਹੀਂ ਬੈਠੀਆਂ ਸਨ। ਪੰਜਾਬੀ ਦਾ ਮੁਹਾਵਰਾ ਹੈ ਕਿ 'ਪਿੰਡ ਹਾਲੇ ਬੱਝਾ ਨਹੀਂ ਤੇ ਉਚੱਕੇ ਤਿਆਰ ਖੜੇ ਨੇ'। ਇਹ ਕਹਾਵਤ ਠੋਸ ਸੱਚਾਈ ਦੀ ਪ੍ਰਤੀਕ ਹੈ। ਪੰਜਾਬ ਦੀ ਨਵੀਂ ਸਰਕਾਰ ਦਾ ਪਿੰਡ ਜਾਂ ਚੱਕਾ ਬੱਝਣ ਤੋਂ ਪਹਿਲਾਂ ਉਚੱਕੇ ਤਿਆਰ ਖੜੇ ਨੇ। ਹਾਲਾਤ ਦੀ ਮੰਗ ਹੈ ਕਿ ਨਵੇਂ ਹਾਕਮ ਪਹਿਲਿਆਂ ਤੋਂ ਵੱਖਰੇ ਨਿਕਲਣ। ਉਨ੍ਹਾਂ ਨੇ ਵੱਖਰੇ ਨਿਕਲਣਾ ਹੈ ਜਾਂ ਨਹੀਂ, ਨਵਿਆਂ ਦੀ ਮਰਜ਼ੀ ਵੀ ਹੋਵੇਗੀ ਤੇ ਉਨ੍ਹਾਂ ਦਾ ਨਸੀਬਾ ਵੀ।

# ਨੌਜਵਾਨੀ ਨੂੰ ਨਸੇ ਤੋ ਬਚਾਉਣਾ ਸਮੇ ਦੀ ਲੋੜ



ਇਕਬਾਲ ਸਿੰਘ ਬਰਾੜ



ਨਸ਼ਾ ਇਕ ਅਜਿਹੀ ਭੈੜੀ ਅਲਾਮਤ ਹੈ ਜੋ ਸਰੀਰ ਨੂੰ ਖੋਖਲਾ (ਖਤਮ) ਕਰ ਦਿੰਦੀ ਹੈ । ਅੱਜ ਸਾਡੇ ਦੇਸ਼ ਵਿਚ ਨਸ਼ਾ ਇਨ੍ਹਾਂ ਜਿਆਦਾ ਵੱਧ ਚੁੱਕਾ ਹੈ ਕਿ ਹਰੇਕ ਪਿੰਡ ਵਿੱਚ ਲੱਗਪੱਗ ਹਰ ਘਰ ਜਾਂ ਗੁਆਢ ਵਿੱਚ ਇਕ ਜਾਂ ਇਕ ਤੋ ਜਿਆਦਾ ਵਿਅਕਤੀ ਨਸੇ ਦੀ ਦਲਦਲ ਵਿਚ ਧਸ ਚੁੱਕੇ ਹਨ । ਨਸਾ ਇਕ ਅਜਿਹੀ ਬਿਮਾਰੀ ਹੈ ਜਿਸ ਵਿਅਕਤੀ ਨੂੰ ਲੱਗ ਜਾਂਦਾ ਹੈ ਉਸ ਦੁਆਰਾ ਛੱਡਣਾ ਇਹ ਬਹੁਤ ਮੁਸਕਿਲ ਹੋ ਜਾਂਦਾ ਹੈ । ਜੋ ਲੋਕ ਨਸਾ ਕਰਦੇ ਹਨ ਉਹ ਇਕ ਸਮੇ ਰੋਟੀ ਜਾਂ ਪਾਣੀ ਤੋ ਬਿਨਾਂ ਸਾਰ ਸਕਦੇ ਹਨ ਪਰ ਨਸੇ ਤੋ ਬਿਨਾਂ ਸਾਰਨਾ ਉਨ੍ਹਾਂ ਲਈ ਬਹੁਤ ਮੁਸਕਿਲ ਹੋ ਜਾਂਦਾ ਹੈ । ਫਿਰ ਵੀ ਕਿਉ ਲੱਗਦੇ ਹਨ ਲੋਕ ਇਸ ਭੈੜੀ ਅਲਾਮਤ ਨਸ਼ੇ ਤੇ ? ਕੀ ਹੈ ਇਸ ਵਿਚ ਜੋ ਨੌਜਵਾਨਾਂ, ਬਜੁਰਗਾਂ ਅਤੇ ਖਾਸ ਕਰ ਸਕੂਲੀ ਬੱਚਿਆਂ ਨੂੰ ਵੀ ਹੁਣ ਆਪਣੇ ਵੱਲ ਚੁਬੰਕ ਦੀ ਤਰ੍ਹਾਂ ਖਿਚ ਰਿਹਾ ਹੈ ਇਹ ਨਸਾਂ । ਕੁਝ ਸਮਾਂ ਪਿੱਛੇ ਵੱਲ ਦੇਖੀਏ ਤਾਂ ਬਹੁਤ ਘੱਟ ਲੋਕ ਨਸ਼ਾ ਕਰਦੇ ਸਨ ਪਰ ਜੋ ਵਿਅਕਤੀ ਨਸ਼ਾ ਕਰਦਾ ਸੀ ਉਹ ਨਸ਼ਾ ਕਰਨ ਸਮੇ ਬਹਾਰ ਦੇ ਲੋਕਾਂ ਤੋ ਇਲਾਵਾ ਆਪਣੇ ਘਰ ਵੀ ਬੜੇ ਪਰਦੇ ਨਾਲ ਨਸ਼ਾ ਕਰਦਾ ਸੀ ਕਿ ਕੋਈ ਮੈਨੂੰ ਅਜਿਹਾ ਨਾ ਆਖੇ ਕਿ ਨਸ਼ਾ ਕਰ ਰਿਹਾ ਹੈ । ਨਸ਼ਾ ਕਰਨ ਵਾਲੇ ਵਿਅਕਤੀ ਦਾ ਗੁਆਢੀਆਂ ਤੱਕ ਪਤਾ ਨਹੀ ਹੁੰਦਾ ਸੀ । ਪਰ ਅੱਜ ਕੱਲ ਦੇਖੋ ਹਰ ਨੌਜਵਾਨ ਨਸ਼ਾ ਕਰਨ ਤੋ ਬਿਨਾਂ ਆਪਣੀ ਟੌਹਰ ਨਹੀ ਸਮਝਦਾ । ਹਰ ਕੋਈ ਸੋਚਦਾ ਹੈ ਕਿ ਸਾਡੇ ਸਕੂਲ ਜਾਂ ਕਾਲਜ ਹੀ ਨੌਜਵਾਨ ਪੀੜੀ ਨੂੰ ਹੀ ਨਸ਼ਿਆ ਤੋ ਬਚਣ ਲਈ ਪ੍ਰੇਰਨਾ ਦਾਇਕ ਸਹਾਈ ਸਿੱਧ ਹੋ ਸਕਦੇ ਹਨ ਪਰ ਜੇਕਰ ਇਨ੍ਹਾਂ ਯੂਨੀਵਰਸਿਟੀ ਜਾਂ ਕਾਲਜਾਂ ਦਾ ਨਿਰੀਖਣ ਕੀਤਾ ਜਾਵੇ ਤਾਂ ਇਥੇ ਪੜ ਰਹੇ ਨੌਜਵਾਨ ਮੁੰਡੇ-ਕੁੜੀਆਂ ਹੀ ਬਹੁਤ ਜਿਆਦਾ ਨਸ਼ੇ ਦੀ ਲਪੇਟ ਵਿਚ ਆ ਚੁੱਕੇ ਹਨ । ਇਸ ਸਭ ਦਾ ਅੰਦਾਜ਼ਾ ਇਨ੍ਹਾਂ ਸਕੂਲਾਂ ਜਾਂ ਕਾਲਜਾਂ ਜਾਂ ਯੂਨੀਵਰਸਿਟੀ ਦੇ ਬਾਥਰੂਮਾਂ ਜਾਂ ਕਮਰਿਆਂ ਦੇ ਪਿਛੋ ਅਤੇ ਉਪਰ ਦੇਖ ਕੇ ਲਗਾਇਆ ਜਾ ਸਕਦਾ ਹੈ ਕਿਉਕਿ ਇਥੇ ਅਨੇਕਾਂ ਪ੍ਰਕਾਰ ਦੇ ਨਸ਼ੇ ਦੀਆਂ ਸ਼ੀਸ਼ੀਆਂ, ਬੋਤਲਾਂ ਜਾਂ ਗੋਲੀਆਂ ਦੇ ਕਵਰ ਦੇਖਣ ਤੋ ਇਲਾਵਾ ਕਾਲਜਾਂ ਵਿਚ ਬਣੇ ਮੁੰਡੇ ਅਤੇ ਕੁੜੀਆਂ ਦੇ ਹੋਸਟਲਾਂ ਵਿਚੋ ਮਹਿੰਗੀ ਤੋ ਮਹਿੰਗੀ ਸਰਾਬ ਦੀਆਂ ਬੋਤਲਾਂ ਅਤੇ ਹੋਰ ਪ੍ਰਕਾਰ ਦੇ ਨਸ਼ਿਆਂ ਨੂੰ ਦੇਖ ਕੇ ਇੰਜ ਲੱਗਦਾ ਹੈ ਕਿ ਸਾਡੇ ਦੇਸ ਦਾ ਕੋਈ ਵੀ ਨੌਜਵਾਨ ਨਸ਼ਾ ਮੁਕਤ ਨਹੀ ਹੋਵੇਗਾ । ਇਸ ਤੋ ਬਿਨਾਂ ਜੇਕਰ ਹਸਪਤਾਲਾਂ ਵਿੱਚ ਦੇਖੋ ਤਾਂ ਉਥੇ ਵੀ ਜਿਆਦਾਤਰ ਲੋਕ ਸਰੀਰਾਂ ਨੂੰ ਖੋਖਲਾ ਕਰ ਚੁੱਕੇ ਨਸ਼ੇ ਕਾਰਨ ਹੀ ਬਿਮਾਰ ਪਏ ਹੁੰਦੇ ਹਨ । ਭਾਵੇ ਸਰਕਾਰ ਹਰ ਰੋਜ ਇਕ ਪਾਸੇ ਨਸ਼ਾ ਰੋਕਣ ਦੇ ਨਾਅਰੇ ਲਗਾ ਰਹੀ ਹੈ ਅਤੇ ਦੂਸਰੇ ਪਾਸੇ ਇਹੀ ਸਰਕਾਰ ਹਰੇਕ ਸਾਲ 31 ਮਾਰਚ ਨੂੰ ਸਰਾਬ ਦੇ ਠੇਕਿਆਂ ਦੀ ਖੁੱਲੇ ਮੈਦਾਨ ਵਿਚ ਬੋਲੀ ਕਰਦੀ ਹੈ ਤਾਂ ਜੋ ਕੋਈ ਵੀ ਵਿਅਕਤੀ ਇਨ੍ਹਾਂ ਸਰਾਬ ਦੇ ਠੇਕਿਆਂ ਨੂੰ ਅਸਾਨੀ ਨਾਲ ਇਕ ਸਾਲ ਵਾਸਤੇ ਠੇਕੇ ਤੇ ਲੈ ਸਕੇ ਅਤੇ ਫਿਰ ਵੱਧ ਤੋ ਵੱਧ ਸਰਾਬ ਵੇਚਣ ਲਈ ਉਸ ਨੂੰ ਪੂਰਾ ਅਧਿਕਾਰ ਦੇ ਦਿੱਤਾ ਜਾਂਦਾ ਹੈ । ਠੇਕੇਦਾਰ ਇਕ ਮੇਨ ਠੇਕੇ ਤੋ ਬਿਨਾਂ ਪਿੰਡ ਵਿਚ ਅਨੇਕਾਂ ਬਰਾਂਚਾਂ ਖੋਲ ਦਿੰਦੇ ਹਨ ਤਾਂ ਜੋ ਲੋਕਾਂ ਵਿਚ ਵੱਧ ਤੋ ਵੱਧ ਸਰਾਬ ਦੀ ਸਪਲਾਈ ਹੋ ਸਕੇ । ਜੇਕਰ ਇਨ੍ਹਾਂ ਬਰਾਚਾਂ ਦਾ ਕੋਈ ਵਿਅਕਤੀ ਵਿਰੋਧ ਕਰਦਾ ਹੈ ਤਾਂ ਸਰਕ-ਾਰੇ-ਦੁਆਰੇ ਆਮ ਆਦਮੀ ਦੀ ਨਹੀ ਸਗੋ ਠੇਕੇਦਾਰ ਦੀ ਸੁਣਵਾਈ ਹੁੰਦੀ ਹੈ । ਕੋਈ ਸਮਾਂ ਸੀ ਜਦੋ ਇਕੱਲੇ ਪੁਰਸ਼ ਹੀ ਨਸ਼ੇ ਦਾ ਸੇਵਨ ਕਰਦੇ ਸਨ ਅਤੇ ਔਰਤਾਂ ਇਨ੍ਹਾਂ ਨੂੰ ਨਸ਼ਾ ਕਰਨ ਤੋ ਰੋਕਣ ਵਿਚ ਕਾਫੀ ਹੱਦ ਤੱਕ ਸਹਾਈ ਹੁੰਦੀਆਂ ਸਨ । ਪਰ ਹੁਣ ਤਾਂ ਸਾਡੇ ਦੇਸ ਦਾ ਨਸ਼ੇ ਨੇ ਇੰਨ੍ਹਾਂ ਜਿਆਦਾ ਬੇੜਾ ਗਰਕ ਕਰ ਦਿੱਤਾ ਹੈ ਕਿ ਪੁਰਸ਼ਾ ਦੇ ਮੁਕਾਬਲੇ ਔਰਤਾਂ ਵਿਚ ਵੀ ਨਸ਼ਾ ਕਰਨ ਦੀ ਪ੍ਰਾਮਪਰਾ ਵੱਧ ਰਹੀ ਹੈ । ਪਰ ਜੇਕਰ ਨੌਜਵਾਨੀ ਦੀ ਗੱਲ ਕਰੀਏ ਤਾਂ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਬਣੇ ਹੋਸਟਲਾਂ ਵਿਚ ਰਹਿਣ ਵਾਲੀਆਂ ਬਹੁਤ ਜਿਆਦਾ ਲੜਕੀਆਂ ਵੀ ਨਸ਼ੇ ਦੀ ਗ੍ਰਿਫਤ ਵਿਚ ਆ ਚੁੱਕੀਆਂ ਹਨ । ਇਥੇ ਸੋਚਣ ਵਾਲੀ ਗੱਲ ਹੈ ਕਿ ਜੇਕਰ ਇਸ ਤਰ੍ਹਾਂ ਸਕੂਲੀ ਵਿਦਿਅਰਥੀ, ਬਜੁਰਗ, ਨੌਜਵਾਨ ਅਤੇ ਖਾਸ ਕਰ ਔਰਤ ਸਾਰੇ ਹੀ ਨਸੇ ਦੇ ਸਿਕਾਰ ਹੋ ਰਹੇ ਹਨ ਤਾਂ ਇਕ ਦਿਨ ਸਾਡਾ ਦੇਸ ਤਬਾਹ ਹੋ ਜਾਵੇਗਾ , ਗਰਕ ਹੋ ਜਾਵੇ , ਅਤੇ ਸਾਨੂੰ ਨਸੇ ਕਰਨ ਵਾਲਿਆਂ ਨੂੰ ਰੋਕਣ ਵਾਲਾ ਕੋਣ ਹੋਵੇਗਾ । ਅੰਤ ਵਿਚ ਮੈ ਇਹੀ ਕਹਿਣਾ ਚਾਹਾਗਾਂ ਕਿ ਮੇਰੇ ਦੇਸ ਵਾਸੀਓ ਨਸ਼ਾ ਇਕ ਅਜਿਹੀ ਨਾਮਰਾਦ ਬਿਮਾਰੀ ਹੈ ਜੋ ਸਾਨੂੰ ਲੱਖਾਂ ਜੂਨਾਂ ਤੋ ਬਾਅਦ ਮਿਲੇ ਹੋਏ ਮਨੁੱਖੀ ਜੀਵਨ ਨੂੰ ਸਦਾ-ਸਦਾ ਲਈ ਖਤਮ ਕਰਦਾ ਹੈ । ਮਨੁੱਖੀ ਜੀਵਨ ਇਕ ਅਜਿਹੀ ਅਮੁੱਲੀ ਦਾਤ ਹੈ ਇਸ ਨੂੰ ਅਜਾਈ ਨਾ ਜਾਣ ਦਿਉ । ਮੈ ਸਾਡੀਆਂ ਸਰਕਾਰਾ , ਆਮ ਲੋਕਾਂ ਅਤੇ ਸਾਰੇ ਮਹਿਕਮੇ ਦੇ ਅਫ਼ਸਰ ਸਾਹਿਬਾਨਾਂ ਨੂੰ ਅਪੀਲ ਕਰਦਾ ਹਾਂ ਕਿ ਸਾਰੇ ਇਸ ਕੋਹੜ ਨੂੰ ਖਤਮ ਕਰਨ ਲਈ ਅੱਗੇ ਆਉਣ । ਆਪੋ ਆਪਣੇ ਮਹਿਕਮੇ ਵਿਚ ਪੂਰੀ ਸਖਤੀ ਅਤੇ ਨਿਗਰਾਨੀ ਕਰਕੇ ਆਪਣੇ ਦਫਤਰਾ, ਜਿਵੇ ਹਸਪਤਾਲਾਂ , ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਬੱਸ ਅੱਡਿਆਂ ਨੂੰ ਹਰ ਰੋਜ ਚੰਗੀ ਤਰ੍ਹਾਂ ਚੈਕ ਕੀਤਾ ਜਾਵੇ ਅਤੇ ਜੇਕਰ ਕੋਈ ਵੀ ਨਸ਼ੇ ਦੇ ਨਾਮ ਦੀ ਵਸਤੂ ਇਨ੍ਹਾਂ ਥਾਵਾਂ ਤੋ ਮਿਲਦੀ ਹੈ ਤਾਂ ਪੜਤਾਲ ਕੀਤੀ ਜਾਵੇ ਕਿ ਇਹ ਕਿਥੋ ਆਈ ਹੈ । ਬਲਾਕ ਪੱਧਰ ਤੇ ਨਸ਼ਾ ਛਡਾਓ ਕੇਦਰ ਖੋਲ ਕੇ ਪਿੰਡਾਂ-ਪਿੰਡ ਪੱਧਰ ਤੇ ਘਰ-ਘਰ ਜਾ ਕੇ ਹਰੇਕ ਵਿਅਕਤੀ ਖਾਸ ਨੋਜਵਾਨ ਵਰਗ ਦਾ ਡਾਕਟਰੀ ਮੁਆਇਨਾ ਕਰਾਇਆ ਜਾਵੇ ਅਤੇ ਜੋ ਵੀ ਵਿਅਕਤੀ ਨਸੇ ਦਾ ਆਦੀ ਪਾਇਆ ਜਾਦਾ ਹੈ ਤਾਂ ਉਸ ਨੂੰ ਇਸ ਨਸਾ ਛਡਾਉ ਕੇਦੰਰ ਵਿਚ ਲਜਾਇਆ ਜਾਵੇ ਜੀ । ਪਰ ਜੇਕਰ ਫਿਰ ਵੀ ਕੋਈ ਨਸਾ ਕਰਨੋ ਨਹੀ ਹਟਦਾ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਹੋਵੇ । ਇਸ ਤਰ੍ਹਾਂ ਨਸੇ ਤੋ ਕਾਫੀ ਹੱਦ ਤੱਕ ਨਿਜਾਤ ਪਾਇਆ ਜਾ ਸਕਦਾ ਹੈ । ਸਾਡੀ ਨੌਜਵਾਨ ਪੀੜੀ ਨੂੰ ਆਪ ਵੀ ਚਾਹੀਦਾ ਹੈ ਕਿ ਨਸੇ ਖਾਣ ਵਾਲਿਆ ਤੋ ਦੂਰ ਰਹਿਣ । ਜੇਕਰ ਅਜਿਹਾ ਨਾ ਕਰਨਗੇ ਤਾਂ ਉਹ ਦਿਨ ਦੂਰ ਨਹੀ ਜਦ ਨਸੇ ਦੀ ਲਪੇਟ ਵਿਚ ਆ ਜਾਣਗੇ ਅਤੇ ਅੰਤ ਵਿਚ ਉਨਾਂ ਦੇ ਪੱਲੇ ਪਛਤਾਉਣ ਦੇ ਨਾਲ ਮੌਤ ਤੌ ਇਲਾਵਾ ਕੁਝ ਨਹੀ ਰਹੇਗਾ ।

# ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੋਟਰ ਦੁਚਿੱਤੀ ਵਿੱਚ ਰਿਹਾ

-ਮਾਸਟਰ ਮੋਹਨ ਲਾਲ



ਚੋਣਾਂ ਦੇ ਆਖਰੀ ਦਿਨ ਤੱਕ ਵੋਟਰ ਦੁਚਿੱਤੀ ਵਿੱਚ ਰਿਹਾ ਕਿ ਉਹ ਇਧਰ ਜਾਵੇ ਜਾਂ ਓਧਰ? ਪਹਿਲਾਂ ਪੰਜਾਬ ਵਿੱਚ ਜਦੋਂ ਵੀ ਚੋਣਾਂ ਆਉਂਦੀਆਂ ਸਨ, ਇੱਕ ਪਾਸੇ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦਾ ਗਠਜੋੜ ਤੇ ਦੂਜੇ ਪਾਸੇ ਕਾਂਗਰਸ ਨਾਲ ਸਿੱਧਾ ਮੁਕਾਬਲਾ ਹੁੰਦਾ ਸੀ। ਕਦੀ ਇੱਕ ਜਿੱਤ ਜਾਂਦਾ, ਕਦੀ ਦੂਜਾ, ਪਰ ਇਸ ਵਾਰ ਚਾਰ-ਕੋਣੇ ਮੁਕਾਬਲੇ ਦਾ ਪੰਜਾਬ ਦੇ ਲੋਕਾਂ ਨੂੰ ਸਾਹਮਣਾ ਕਰਨਾ ਪਿਆ। ਖਾਸ ਕਰ ਕੇ ਆਮ ਆਦਮੀ ਪਾਰਟੀ ਨੇ ਇੱਕ ਪ੍ਰਭਾਵ ਫੈਲਾਉਣ ਵਿੱਚ ਸਫਲਤਾ ਹਾਸਲ ਕਰ ਲਈ ਕਿ ਉਹ ਪੰਜਾਬ ਵਿੱਚ ਇਸ ਵਾਰ ਸਰਕਾਰ ਬਣਾਵੇਗੀ।

ਉਹ ਰਵਾਇਤੀ ਪਾਰਟੀਆਂ ਉੱਤੇ ਵੋਟਰ ਉਂਗਲੀ ਉਠਾਉਣਾ ਲੱਗੇ ਕਿ "ਕਾਂਗਰਸ ਵਾਲੇ ਆਪੋ ਵਿੱਚ ਉਲਝੇ ਹੋਏ ਹਨ। ਇੱਕ ਕਾਂਗਰਸੀ ਨੇਤਾ ਦੂਜੇ ਨੂੰ ਅਤੇ ਦੂਜਾ ਤੀਜੇ ਨੂੰ ਨੀਵਾਂ ਦਿਖਾਉਣ ਵਿੱਚ ਲੱਗਾ ਸੀ। ਇਸ ਲਈ ਛੱਡੋ ਉਨ੍ਹਾਂ ਨੂੰ, ਅਕਾਲੀ-ਭਾਜਪਾ ਗਠਜੋੜ ਨੇ ਡਰੱਗ ਅਤੇ ਰੇਤ ਮਾਫੀਆ ਨੂੰ ਜਨਮ ਦਿੱਤਾ, ਇਸ ਨੂੰ ਵੀ ਮਜ਼ਾ ਚਖਾਓ।" ਆਮ ਆਦਮੀ ਪਾਰਟੀ ਨੇ ਪੰਜਾਬ ਦੇ ਵੋਟਰਾਂ ਨੂੰ ਮਰਸੀ ਅਪੀਲ ਕੀਤੀ ਕਿ ਪੰਜਾਬ ਦੇ ਲੋਕ ਇੱਕ ਮੌਕਾ 'ਝਾੜੂ' ਨੂੰ ਦੇ ਕੇ ਦੇਖਣ, 'ਦਿੱਲੀ ਮਾਡਲ' ਪੰਜਾਬ ਨੂੰ ਦੇਣਗੇ, ਪਰ ਮੈਨੂੰ ਪਤਾ ਨਹੀਂ ਉਹ ਦਿੱਲੀ ਮਾਡਲ ਕੀ ਹੈ? ਅਜਿਹੇ ਨਾਜ਼ੁਕ ਨਾਅਰਿਆਂ ਨੇ ਵੋਟਰਾਂ ਨੂੰ ਭਰਮ ਜ਼ਰੂਰ ਦਿੱਤਾ ਹੈ। ਲੋਕ ਕਹਿੰਦੇ ਮਿਲੇ ਕਿ ਆਮ ਆਦਮੀ ਪਾਰਟੀ ਦੇ ਨੇਤਾ ਕੇਜਰੀਵਾਲ ਨੇ ਨਰਿੰਦਰ ਮੋਦੀ ਵਰਗੇ ਨੇਤਾ ਦੇ ਸਾਹਮਣੇ ਇਸ ਪਾਰਟੀ ਵੱਜੋਂ ਇੱਕ ਬਦਲ ਵੋਟਰਾਂ ਸਾਹਮਣੇ ਰੱਖਿਆ ਹੈ? ਚਲੋ ਅਜ਼ਮਾਉਂਦੇ ਹਾਂ ਪਰ ਅੰਦਾਜ਼ਾ ਲਾਉਣਾ ਔਖਾ ਹੈ ਕਿ ਇਹ ਪ੍ਰਭਾਵ ਕੀ ਅਸਲੀਅਤ ਦਿਖਾਉਂਦਾ ਹੈ ਜਾਂ ਨਹੀਂ? ਲੋਕ ਕਨਫਿਊਜ਼ਡ ਜ਼ਰੂਰ ਹੋਏ।

ਮੇਰੀ ਗੱਲ ਨੂੰ ਕੋਈ ਸਿਆਸੀ ਪਾਰਟੀ ਐਵੇਂ ਨਾ ਲਵੇ। ਭਾਰਤੀ ਜਨਤਾ ਪਾਰਟੀ ਤੋਂ ਅਲੱਗ ਹੋ ਕੇ ਅਕਾਲੀ ਦਲ ਨੇ ਤੁਰੰਤ ਬਹੁਜਨ ਸਮਾਜ ਪਾਰਟੀ ਨਾਲ ਗਠਜੋੜ ਕਰ ਕੇ ਪੰਜਾਬ ਦੇ ਵੋਟਰਾਂ ਸਾਹਮਣੇ 'ਮਾਸਟਰ ਸਟ੍ਰੋਕ' ਜ਼ਰੂਰ ਮਾਰਿਆ। ਪਤਾ ਨਹੀਂ ਇਹ ਗੱਠਜੋੜ ਅਕਾਲੀ ਦਲ ਨੂੰ ਸੱਤਾ ਤੱਕ ਪੁਚਾਵੇਗਾ ਜਾਂ ਨਹੀਂ, ਪਰ ਚੋਣ ਮੁਹਿੰਮ ਨੂੰ ਸੁਖਬੀਰ ਸਿੰਘ ਬਾਦਲ ਨੇ ਅੰਤਿਮ ਪਲ ਤੱਕ ਰੁਝਾਈ ਰੱਖਿਆ। ਜੋ ਮਿਲਿਆ ਉਸ ਨੂੰ ਛੇ ਮਹੀਨੇ ਪਹਿਲਾਂ ਹੀ ਆਪਣਾ ਉਮੀਦਵਾਰ ਐਲਾਨ ਕਰਦਾ ਗਿਆ। ਇਹ ਨਹੀਂ ਕਿ ਉਸ ਨੇ ਆਪਣੇ ਪੁਰਾਣੇ ਸਾਥੀ ਭਾਰਤੀ ਜਨਤਾ ਪਾਰਟੀ ਦਾ ਵੀ ਲਿਹਾਜ਼ ਕੀਤਾ ਹੋਵੇ? ਸੁਜਾਨਪੁਰ ਤੋਂ ਰਾਜ ਕੁਮਾਰ ਗੁਪਤਾ, ਅੰਮ੍ਰਿਤਸਰ ਤੋਂ ਅਨਿਲ ਜੋਸ਼ੀ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਮਦਨ ਮੋਹਨ ਮਿੱਤਲ ਨੂੰ ਵੀ ਆਪਣੇ ਨਾਲ ਲੈ ਗਿਆ। ਮੈਂ ਸੁਖਬੀਰ ਨੂੰ ਅਨਾੜੀ ਸਮਝਦਾ ਸੀ, ਪਰ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਉਹ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਮਾਤ ਦੇ ਗਿਆ।

ਯਾਦ ਰਹੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਨੂੰ ਸਿਰਫ਼ 18 (15+3) ਸੀਟਾਂ ਮਿਲੀਆਂ ਸਨ, ਪਰ ਇਸ ਚੋਣ ਮੁਹਿੰਮ ਨੂੰ ਦੇਖ ਕੇ ਲੱਗਦਾ ਹੈ ਕਿ ਉਹ ਇਸ ਅੰਕੜੇ ਨੂੰ ਦੁੱਗਣਾ ਕਰ ਜਾਵੇਗਾ, ਭਾਵੇ 'ਬਰਗਾੜੀ ਕਾਂਡ' ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬੇਅਦਬੀ ਦੇ ਕੇਸ ਬਾਰੇ ਸਿੱਖਾਂ ਦੇ ਇੱਕ ਵਰਗ ਨੇ ਬਾਦਲ ਪਰਵਾਰ ਨੂੰ ਘੇਰਿਆ ਹੋਇਆ ਹੈ। ਵੋਟਰ ਅਕਾਲੀ ਦਲ ਨੂੰ ਲੈ ਕੇ ਵੀ ਦੁਚਿੱਤੀ ਵਿੱਚ ਦਿਖਾਈ ਦਿੰਦਾ ਹੈ। ਸ਼ਾਇਦ ਇੱਕ ਤੀਸਰਾ ਬਦਲ ਵੋਟਰ ਲੱਭ ਰਿਹਾ ਹੋਵੇ? ਉਹ ਬਦਲ ਭਾਰਤੀ ਜਨਤਾ ਪਾਰਟੀ, ਪਲੱਸ ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ ਦੀ ਪਾਰਟੀ 'ਪੰਜਾਬ ਲੋਕ ਕਾਂਗਰਸ' ਪਲੱਸ ਢੀਂਡਸਾ ਦਾ 'ਸੰਯੁਕਤ ਅਕਾਲੀ ਦਲ' ਦਾ ਗਠਜੋੜ ਹੈ, ਜਦ ਕਿ ਭਾਰਤੀ ਜਨਤਾ ਪਾਰਟੀ ਨੇ ਨਵਾਂ ਬਦਲ ਵੋਟਰਾਂ ਸਾਹਮਣੇ ਰੱਖਿਆ ਹੈ। ਦੇਖਾਂਗੇ ਕਿ ਇਹ ਬਦਲ ਵਿਧਾਨ ਸਭਾ ਚੋਣਾਂ ਦੀ ਕਸੌਟੀ ਉੱਤੇ ਕਿੰਨਾ ਖਰਾ ਉਤਰਦਾ ਹੈ। ਪੰਜਾਬ ਦੀ ਏਕਤਾ, ਭਾਈਚਾਰੇ ਅਤੇ ਸੁਰੱਖਿਆ ਦਾ ਇਹ ਬਦਲ ਕਿੰਨਾ ਸਫਲ ਹੋਵੇਗਾ, ਇਸ ਦਾ ਪਤਾ 10 ਮਾਰਚ ਨੂੰ ਪੰਜਾਬ ਦੇ ਲੋਕਾਂ ਨੂੰ ਦੇਖਣ ਨੂੰ ਮਿਲੇਗਾ, ਪਰ ਇਸ ਗਠਜੋੜ ਨੇ ਚੋਣ ਮੁਹਿੰਮ ਵਿੱਚ ਤਹਿ-ਲਕਾ ਜ਼ਰੂਰ ਮਚਾ ਦਿੱਤਾ ਹੈ। ਹਰ ਛੋਟਾ-ਵੱਡਾ ਨੇਤਾ ਧੜਾਧੜ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜਦਾ ਨਜ਼ਰ ਆਇਆ, ਖਾਸ ਤੌਰ ਉੱਤੇ ਆਈ ਪੀ ਐਸ, ਆਈ ਏ ਐਸ, ਪੀ ਸੀ ਐਸ ਰਿਟਾਇਰਡ ਫੌਜੀ ਅਤੇ ਸਿੱਖ ਭਰਾ ਦੌੜ-ਦੌੜ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ। ਸ਼ਾਇਦ ਇਹ ਭਾਜਪਾ ਦੀ ਨੀਤੀ ਦਾ ਹਿੱਸਾ ਹੋਵੇ ਪਰ ਪ੍ਰਯੋਗ ਨੂੰ ਚੋਣਾਂ ਦੀ ਤੱਕੜੀ ਉੱਤੇ ਤੋਲ ਕੇ ਪਰਖਿਆ ਜਾਵੇਗਾ।

ਕਾਂਗਰਸ ਦਾ ਕੋਈ ਦੁਸ਼ਮਣ ਨਹੀਂ, ਉਸ ਨੂੰ ਆਪਣੇ ਮਾਰ ਰਹੇ ਹਨ। ਚੋਣਾਂ ਤੋਂ ਪਹਿਲਾਂ ਜਿਸ ਤਰ੍ਹਾਂ ਆਪਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬੇਇੱਜ਼ਤ ਕਰ ਕੇ ਪਾਰਟੀ ਤੋਂ ਰੁਖਸਤ ਕੀਤਾ, ਅਜਿਹਾ ਕਾਂਗਰਸ ਹੀ ਕਰ ਸਕਦੀ ਹੈ। ਕਾਂਗਰਸ ਹਾਈ ਕਮਾਨ ਨੇ ਬਣਾਉਣਾ ਤਾਂ ਕੈਪਟਨ ਦੀ ਥਾਂ ਨਵਜੋਤ ਸਿੱਧੂ ਨੂੰ ਸੀ ਪਰ ਹਾਲਤ ਨੇ ਪਾਸਾ ਪਲਟਿਆ ਤੇ ਇੱਕ ਸਾਧਾਰਨ ਪਰਵਾਰ ਦੇ ਸਾਧਾਰਨ ਜਿਹੇ ਨੇਤਾ ਚਰਨਜੀਤ ਸਿੰਘ ਚੰਨੀ ਦੇ ਸਿਰ ਉੱਤੇ ਮੁੱਖ ਮੰਤਰੀ ਦਾ ਤਾਜ ਸਜ ਗਿਆ। ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਗਿਆ। ਵਿਚਾਰਾ ਕਾਂਗਰਸ ਪ੍ਰਧਾਨ ਹੋ ਕੇ ਮੁੱਖ ਮੰਤਰੀ ਬਣਨ ਦੀ ਰੀਝ ਨੂੰ ਲੈ ਕੇ ਵਿੱਸ ਘੋਲਦਾ ਰਿਹਾ।

# ਜਿਊਂਦੇ ਅਵਤਾਰ

-ਸਵਰਨ ਸਿੰਘ ਭੰਗੂ

ਇਸ ਧਰਤੀ ਉਤੇ ਉਪਕਾਰੀ ਲੋਕ ਪਰ੍ਹੇ ਤੋਂ ਪਰ੍ਹੇ ਹਨ, ਜਿਹੜੇ ਨਿਆਸਰਿਆਂ ਅਤੇ ਦੁਰਕਾਰਿਆਂ ਨੂੰ ਸਾਂਭਦੇ ਹਨ। ਵਿਕਸਤ ਮੁਲਕਾਂ ਵਿੱਚ ਅਪੰਗਾਂ, ਮੰਜੇ ਨਾਲ ਮੰਜਾ ਹੋਏ ਰੋਗੀਆਂ, ਮੰਦ ਬੁੱਧੀਆਂ ਤੇ ਬਜ਼ੁਰਗਾਂ ਦੀ ਦੇਖਭਾਲ ਦੇ ਸਰਕਾਰੀ ਇੰਤਜ਼ਾਮ ਹਨ, ਪਰ ਸਾਡੇ ਮੁਲਕ ਵਿੱਚ ਅਜਿਹਾ ਨਹੀਂ। ਜੇ ਕਿਧਰੇ ਹਨ ਵੀ ਤਾਂ ਬੱਸ ਜ਼ਾਬਤਾ ਮਾਤਰ। ਅਜਿਹਾ ਨਾ ਹੋਣ ਕਰ ਕੇ ਭਾਰਤ ਵਿੱਚ ਅਜਿਹੇ ਲੋੜਵੰਦਾਂ ਦੀ ਦੁਰਦਸ਼ਾ ਨੂੰ ਹਾਸਲ-ਹਾਲਤਾਂ ਵਿੱਚ ਸਾਂਭਣ ਲਈ ਬਹੁਤ ਸਾਰੀਆਂ ਸੰਸਥਾਵਾਂ ਜਾਂ ਲੋਕ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਅਜਿਹੇ ਮਿਹਰਬਾਨ ਵੀ ਹਨ, ਜਿਹੜੇ ਪਤਾ ਲੱਗਣ ਉਤੇ ਲੋੜਵੰਦਾਂ ਨੂੰ ਆਪਣੀ ਸੰਸਥਾ ਵਿੱਚ ਲੈ ਆਉਂਦੇ ਅਤੇ ਸੰਭਾਲਦੇ ਹਨ। ਉਪਕਾਰੀ ਬਹੁਤ ਸਾਰੇ ਲੋਕਾਂ ਨੇ ਬਿਰਧ ਆਸ਼ਰਮ ਵੀ ਖੋਲ੍ਹੇ ਹੋਏ ਹਨ। ਪਿੰਗਲਵਾੜਾ ਹੋਵੇ, ਭਾਵੇਂ ਪ੍ਰਭ ਆਸਰਾ ਵਰਗੀਆਂ ਸੰਸਥਾਵਾਂ, ਇਨ੍ਹਾਂ ਦੇ ਉਪਕਾਰ ਅੱਗੇ ਸਿਰ ਝੁਕਦਾ ਹੈ, ਦੂਸਰੇ ਪਾਸੇ ਸਾਡਾ ਨਿਜ਼ਾਮ ਅਜਿਹਾ ਹੈ ਕਿ ਨਿੱਤ ਦਿਨ ਅਜਿਹੇ ਲੋੜਵੰਦ ਵਧ ਰਹੇ ਹਨ।

ਦਹਾਕਾ ਪਹਿਲਾਂ ਸਵੇਰੇ ਜਿਹੜਾ ਫੋਨ ਆਉਂਦਾ ਹੈ, ਉਸ ਵਿੱਚ ਬੋਲਣ ਵਾਲੀ ਅਗਿਆਤ ਆਵਾਜ਼ ਸਿਫਤ ਕਰਦੀ ਹੈ ਕਿ ਤੁਸੀਂ ਦਇਆਵਾਨ ਲੋਕਾਂ ਵਿੱਚੋਂ ਇੱਕ ਹੋ ਅਤੇ ਇਹ ਸਭ ਪਤਾ ਕਰਨ ਤੋਂ ਬਾਅਦ ਹੀ ਫੋਨ ਕੀਤਾ ਹੈ। ਸਰਸਰੀ ਮੁਢਲੀਆਂ ਗੱਲਾਂ ਤੋਂ ਬਾਅਦ ਪਤਾ ਲੱਗਾ ਕਿ ਫੋਨ ਨਵੇਂ ਆਏ ਐਸ ਡੀ ਐਮ ਦਾ ਹੈ। ਅਫਸਰ ਮੈਨੂੰ ਇੱਕ ਸੇਵਾ ਸੰਭਾਲਦਾ ਹੈ ਕਿ ਨਹਿਰ ਸਰਹਿੰਦ ਦੇ ਪੁਲ ਉਤੇ ਬੁਰੀ ਹਾਲਤ ਵਿੱਚ ਰਹਿ ਰਹੇ ਬਜ਼ੁਰਗ ਦਾ ਪਤਾ ਲੱਗਾ ਹੈ, ਤੁਸੀਂ ਉਹਨੂੰ ਸੰਭਾਲੋ ਤੇ ਆਪਣੇ ਇਲਾਕੇ ਵਿੱਚ ਕੋਈ ਅਜਿਹੀ ਉਪਕਾਰੀ ਸੰਸਥਾ ਲੱਭੋ ਜਿੱਥੇ ਇਸ ਬਜ਼ੁਰਗ ਨੂੰ ਛੱਡਿਆ ਜਾ ਸਕੇ। ਉਸ ਨੇ ਇਹ ਵੀ ਦੱਸਿਆ ਕਿ 10 ਕਿਲੋਮੀਟਰ ਦੂਰ ਇੱਕ ਪਿੰਡ ਵਿੱਚ ਇਸ ਬਜ਼ੁਰਗ ਦੀ ਭੈਣ ਹੈ, ਜਿਸ ਨੂੰ ਪਟਵਾਰੀ ਨੇ ਸੱਦਿਆ ਸੀ। ਉਹ ਮਿਲ ਕੇ ਚਲੀ ਗਈ, ਪਰ ਬਜ਼ੁਰਗ ਨੂੰ ਨਾਲ ਲੈ ਜਾਣ ਲਈ ਤਿਆਰ ਨਹੀਂ ਹੋਈ। ਉਨ੍ਹਾਂ ਇਹ ਵੀ ਦੱਸਿਆ ਕਿ ਭੈਣ ਨੂੰ ਬੁਲਾਉਣ ਗਏ ਪਟਵਾਰੀ ਅਨੁਸਾਰ ਬਜ਼ੁਰਗ ਦੀ ਭੈਣ ਖੁਦ ਨਿਹਾਇਤ ਗਰੀਬ ਪਰਵਾਰ ਨਾਲ ਸੰਬੰਧਤ ਹੈ ਜਿਹੜੀ ਆਪਣੇ ਭਰਾ ਨੂੰ ਸਾਂਭਣ ਤੋਂ ਵੀ ਅਸਮਰਥ ਹੈ।

ਮੈਂ ਆਪਣੇ ਸਹਿਯੋਗੀਆਂ ਨਾਲ ਜਦੋਂ ਦੱਸੇ ਸਥਾਨ ਉਤੇ ਪੁੱਜਾ ਤਾਂ ਬਜ਼ੁਰਗ ਦੀ ਹਾਲਤ ਬੇਹੱਦ ਮਾੜੀ ਸੀ, ਬਦਬੂ ਆ ਰਹੀ ਸੀ। ਨੇੜਲੇ ਪਿੰਡ ਦਾ ਕੋਈ ਹਮਦਰਦ ਪਿਛਲੇ 10 ਦਿਨਾਂ ਤੋਂ ਪਾਣੀ ਸਮੇਤ ਕੁਝ ਖਾਣ ਨੂੰ ਦੇ ਜਾਂਦਾ ਸੀ। ਮਹੀਨਾ ਭਾਵੇਂ ਜੁਲਾਈ ਦਾ ਸੀ, ਪਰ ਇਸ ਬਜ਼ੁਰਗ ਦੇ ਨੇੜੇ ਗਲੇ ਸੜੇ, ਕਾਲੇ ਹੋਏ ਪਾਟੇ ਲੀੜਿਆਂ ਅਤੇ ਲਟੂਰੀਆਂ ਵਾਲਾ ਸ਼ਖਸ ਗਦੈਲੇ ਜਿਹੇ ਗੰਦੇ ਕੱਪੜੇ ਵਿੱਚੋਂ ਨਿਕਲ ਕੇ ਬਾਹਰ ਨੂੰ ਤੁਰ ਪਿਆ। ਰੀਂਘਦੇ ਜੀਵਨ ਨੂੰ ਦੇਖ ਕੇ ਬੇਵੱਸ ਹੌਕਾ ਨਿਕਲਿਆ।

ਸਬੰਧਤ ਬਜ਼ੁਰਗ ਨੂੰ ਅਸੀਂ ਵਕਤੀ ਤੌਰ ਉੱਤੇ ਨੇੜੇ ਸਰਕਾਰੀ ਵਿਸ਼ਰਾਮ ਘਰ ਲੈ ਗਏ, ਪਰ ਉਥੋਂ ਦਾ ਨਿਗਰਾਨ ਵੀ ਪ੍ਰੇਸ਼ਾਨ ਹੋ ਗਿਆ। ਇਸੇ ਦੌਰਾਨ ਅਸੀਂ ਨੰਗਲ ਦੇ ਇੱਕ ਮਿਹਰਬਾਨ ਦੋਸਤ ਦੁਆਰਾ ਉਥੋਂ ਦੀ ਇੱਕ ਸੇਵਾ ਸੁਸਾਇਟੀ ਨਾਲ ਰਾਬਤਾ ਬਣਾਇਆ। ਉਥੋਂ ਦੇ ਮੁੱਖ ਸੇਵਾਦਾਰ ਨੇ ਕਿਹਾ ਕਿ ਕੱਲ੍ਹ ਲੈ ਆਓ। ਦੂਜੇ ਦਿਨ ਰਸਤੇ ਦੀ ਕਿਸੇ ਪ੍ਰੇਸ਼ਾਨੀ ਤੋਂ ਬਚਣ ਲਈ ਅਫਸਰ ਨੇ ਸਾਡੇ ਨਾਲ ਪੁਲਸ ਕਰਮਚਾਰੀ ਭੇਜ ਦਿੱਤਾ।

ਜਦੋਂ ਉਥੇ ਪਹਿਲਾਂ ਉਡੀਕਦੇ ਮਿੱਤਰ ਦੀ ਹਾਜ਼ਰੀ ਵਿੱਚ ਅਸੀਂ ਟੈਂਪੂ ਵਿੱਚੋਂ ਬਜ਼ੁਰਗ ਨੂੰ ਉਤਾਰਿਆ ਤਾਂ ਉਥੇ 10-15 ਹੋਰ ਮੰਦਬੁੱਧੀ ਅਤੇ ਨਿਆਸਰੇ ਮਰਦ/ ਔਰਤਾਂ ਸਨ। ਮੇਜ਼ਬਾਨ ਨੇ ਸਾਨੂੰ ਆਪਣੇ ਦਫਤਰ ਬਿਠਾ ਕੇ ਚਾਹ ਪਿਆਈ। ਲੋੜਵੰਦਾਂ ਦੀ ਸੰਭਾਲ ਦੀਆਂ ਅੰਤ-ਰਹਿਤ ਕਹਾਣੀਆਂ ਛਿੜ ਪਈਆਂ। ਵਾਪਸ ਤੁਰਨ ਲੱਗੇ ਤਾਂ ਜੋ ਦੇਖਿਆ, ਉਹ ਹੈਰਾਨ ਕਰ ਦੇਣ ਵਾਲਾ ਸੀ। ਜਿਸ ਬਜ਼ੁਰਗ ਦੀ ਦੁਰਦਸ਼ਾ ਦੇਖ ਕੇ ਹਰ ਸਾਧਾਰਨ ਸ਼ਖਸ ਪ੍ਰੇਸ਼ਾਨ ਹੋ ਸਕਦਾ ਸੀ, ਉਸ ਬਜ਼ੁਰਗ ਨੂੰ ਚਾਰ-ਪੰਜ ਸੇਵਾਦਾਰਾਂ ਨੇ ਨਹਾ ਕੇ ਨਵੇਂ ਕੱਪੜੇ ਪੁਆ ਦਿੱਤੇ ਤੇ ਪੱਗ ਬੰਨ੍ਹ ਦਿੱਤੀ ਸੀ। ਸਿਫਤੀ ਫਰਕ ਸਾਡੇ ਸਾਹਮਣੇ ਸੀ। ਮੁੱਖ ਸੇਵਾਦਾਰ ਨੇ ਨੇੜਿਓਂ ਹੋ ਕੇ ਦਿਖਾਇਆ ਕਿ ਆਹ ਦੇਖੋ, ਇਹ ਬਜ਼ੁਰਗ ਇੱਕ ਪਾਸੇ ਕਿਵੇਂ ਗਲਣਾ ਸ਼ੁਰੂ ਹੋ ਗਿਆ ਸੀ। ਇਸ ਸੇਵਾ ਨੂੰ ਦੇਖ ਸਾਡੇ ਹੱਥ ਆਪ ਮੁਹਾਰੇ ਜੇਬਾਂ ਫਰੋਲਣ ਲੱਗੇ ਅਤੇ ਯੋਗਦਾਨ ਉਸ ਉਪਕਾਰੀ ਅੱਗੇ ਢੇਰੀ ਕਰ ਆਏ। ਅਜਿਹੀਆਂ ਸੰਸਥਾਵਾਂ ਲਈ ਬਿਨਾਂ ਸ਼ੱਕ, ਪੈਸੇ ਦੀ ਲੋੜ ਹੁੰਦੀ ਹੈ ਤੇ ਸਮਰਥ ਦਇਆਵਾਨ ਇਹ ਸੇਵਾ ਨਿਭਾਉਂਦੇ ਹਨ, ਪਰ ਜ਼ਖਮਾਂ ਵਿੱਚੋਂ ਕੀੜੇ ਕੱਢਣ ਦੀ ਹੱਦ ਤਕ ਜੋ ਕੰਮ ਅਜਿਹੀਆਂ ਸੰਸਥਾਵਾਂ ਦੇ ਉਪਕਾਰੀ ਕਰਦੇ ਹਨ, ਬਦਲੇ ਵਿੱਚ ਅਜਿਹੇ ਉਪਕਾਰੀਆਂ ਲਈ ਮੇਰੇ ਮਨ ਵਿੱਚ ਸਿਜਦੇ ਦਰ ਸਿਜਦੇ ਉਭਰਦੇ ਹਨ। ਅਜਿਹੇ ਉਪਕਾਰ ਸਾਡੇ ਸਮਾਜ ਦੇ ਜਿਊਂਦੇ ਅਵਤਾਰ ਹਨ।



## ਜਾਅਲੀ ਦਸਤਾਵੇਜ਼ਾਂ ਉਤੇ ਜ਼ਮਾਨਤਾਂ ਕਰਾਉਣ ਵਾਲਿਆਂ ਵਿਰੁੱਧ ਕੇਸ

ਜਲੰਧਰ, 27 ਫਰਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੇ ਥਾਣਾ ਬਾਰਾਂਦਰੀ ਦੀ ਪੁਲਸ ਨੇ ਲੰਮੀ ਜਾਂਚ ਤੋਂ ਬਾਅਦ ਜਾਅਲੀ ਆਧਾਰ ਕਾਰਡ ਤਿਆਰ ਕਰ ਕੇ ਜ਼ਮਾਨਤ ਕਰਾਉਣ ਵਾਲੇ ਗੈਂਗ ਦੇ ਦੋ ਸਾਥੀਆਂ ਔਰਤ ਤੇ ਮਰਦ ਖਿਲਾਫ ਕੇਸ ਦਰਜ ਕੀਤਾ ਹੈ ਅਤੇ ਇਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਪੁਲਸ ਨੂੰ ਸੇਵਾ ਰਾਮ ਪੁੱਤਰ ਨਸੀਬ ਚੰਦ ਵਾਸੀ ਕਾਲਾ ਬੱਕਰਾ ਨੇ ਦੱਸਿਆ ਕਿ ਸੇਵਾ ਰਾਮ ਅਤੇ ਸਤਵਿੰਦਰ ਕੌਰ ਮੈਂਬਰ ਪੰਚਾਇਤ ਦੋਵਾਂ ਨੇ ਉਨ੍ਹਾਂ ਦੇ ਜਾਅਲੀ ਦਸਤਾਵੇਜ਼ ਬਣਾ ਕੇ ਕਈ ਲੋਕਾਂ ਦੀਆਂ ਧੋਖੇ ਨਾਲ ਜ਼ਮਾਨਤਾਂ ਕਰਵਾਈਆਂ ਹਨ ਤੇ ਉਨ੍ਹਾਂ ਦੀ ਜ਼ਮੀਨ ਦਾ ਰਿਕਾਰਡ ਗਲਤ ਢੰਗ ਨਾਲ ਪੇਸ਼ ਕੀਤਾ ਹੈ। ਜਾਂਚ ਦੌਰਾਨ ਪਤਾ ਲੱਗਾ ਕਿ ਸੇਵਾ ਰਾਮ ਪੁੱਤਰ ਨਸੀਬ ਚੰਦ ਪਿੰਡ ਕਾਲਾ ਬੱਕਰਾ ਵਿਚਲੀਆਪਣੀ ਜ਼ਮੀਨ ਦਾ ਕੁਝ ਹਿੱਸਾ ਵੇਚਣਾ ਚਾਹੁੰਦਾ ਸੀ, ਜਿਸ ਦੇ ਲਈ ਉਸ ਨੇ ਫਰਦ ਕੇਂਦਰ ਤੋਂ ਪਿਛਲੇ ਸਾਲਾਂ ਦੀ ਜਮ੍ਹਾਂਬੰਦੀ ਲਈ ਸੀ। ਇਸ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਸ ਦੀ ਜਗ੍ਹਾ ਦੇ ਇੱਕ ਰਕਬੇ ਉੱਤੇ ਥਾਣਾ ਬਸਤੀ ਬਾਵਾ ਖੇਲ ਵਿੱਚ ਫੜੇ ਗਏ ਕਿਸੇ ਵਿਅਕਤੀ ਦੀ ਜ਼ਮਾਨਤ ਦਿੱਤੀ ਗਈ ਹੈ, ਜਦੋਂ ਕਿ ਉਸ ਨੇ ਕਦੀ ਕਿਸੇ ਦੀ ਜ਼ਮਾਨਤ ਨਹੀਂ ਦਿੱਤੀ। ਜਾਂਚ ਵਿੱਚ ਪਤਾ ਲੱਗਾ ਕਿ ਸੇਵਾ ਰਾਮ ਨੂੰ ਦਿੱਤੀ ਜ਼ਮਾਨਤ ਵਿੱਚ ਉਸ ਦਾ ਆਧਾਰ ਕਾਰਡ ਨੰਬਰ ਸਹੀ ਦੇ ਕੇ ਉਸ ਦੇ ਨਾਂਅ ਦੇ ਨਾਲ ਪਿਤਾ ਦਾ ਨਾਂਅ ਮਿਟਾ ਕੇ ਦੂਸਰਾ ਨਾਂਅ ਲਿਖਿਆ ਗਿਆ ਹੈ। ਇਸ ਕੰਮ ਵਿੱਚ ਸਤਵਿੰਦਰ ਕੌਰ ਮੈਂਬਰ ਪੰਚ-ਾਇਤ ਸ਼ਾਮਲ ਸੀ। ਇਸੇ ਆਧਾਰ ਕਾਰਡ ਦੀ ਵਰਤੋਂ ਕਰ ਕੇ ਦੋ ਕੇਸਾਂ ਵਿੱਚ ਦੋਸ਼ੀਆਂ ਦੀ ਜ਼ਮਾਨਤ ਲਈ ਬਾਂਡ ਭਰੇ ਗਏ ਹਨ।ਜਾਂਚ ਤੋਂ ਬਾਅਦ ਸੇਵਾ ਰਾਮ ਪੁੱਤਰ ਕਾਬਲ ਰਾਮ ਅਤੇ ਸਤਵਿੰਦਰ ਕੌਰ ਪਤਨੀ ਗੁਰਮੀਤ ਰਾਮ ਵਾਸੀ ਕਾਲਾ ਬੱਕਰਾ ਭੋਗਪੁਰ ਖਿਲਾਫ ਕੇਸਦਰਜ ਕਰ ਕੇ ਪੁਲਸ ਨੇ ਦੱਸਿਆ ਕਿ ਦੋਵੇਂ ਪਿੰਡ ਦੇ ਇੱਕੋ ਜਿਹੇ ਨਾਂਅ ਵਾਲੇ ਵਿਅਕਤੀਆਂ ਦੇ ਆਧਾਰ ਕਾਰਡ 'ਤੇ ਜਾਅਲੀ ਕਾਗਜ਼ ਤਿਆਰ ਕਰ ਕੇ ਜ਼ਮਾਨਤਾਂ ਕਰਾਉਂਦੇ ਸਨ।

## ਹਾਈ ਕੋਰਟ ਨੇ ਕਿਹਾ: ਖੁਦਕੁਸ਼ੀ ਨੋਟ ਵਿੱਚ ਨਾਮ ਹੋਣਾ ਹੀ ਦੋਸ਼ੀ ਬਣਾਉਣ ਲਈ ਕਾਫੀ ਨਹੀਂ

ਚੰਡੀਗੜ੍ਹ, 27 ਫਰਵਰੀ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇੱਕ ਵੱਡਾ ਫੈਸਲਾ ਦੇਂਦੇ ਹੋਏ ਸਾਫ ਕਰ ਦਿੱਤਾ ਹੈ ਕਿ ਕੇਵਲ ਖੁਦਕੁਸ਼ੀ ਨੋਟ ਵਿੱਚ ਨਾਂਅ ਹੋਣਾ ਕਿਸੇ ਨੂੰ ਖੁਦਕੁਸ਼ੀ ਲਈ ਉਕਸਾਉਣ ਦਾ ਦੋਸ਼ੀ ਸਾਬਤ ਕਰਨ ਦਾ ਪੂਰਾ ਆਧਾਰ ਨਹੀਂ ਹੋ ਸਕਦਾ, ਉਕਸਾਉਣ ਦਾ ਕਾਰਨ, ਮਕਸਦ ਤੇ ਦੋਸ਼ੀ ਨਾਲ ਸੰਬੰਧ ਹੋਣਾ ਜ਼ਰੂਰੀ ਹੈ।



ਮਾਰਚ 2019 ਵਿੱਚ ਜਲੰਧਰ ਵਿੱਚ ਪਟੀਸ਼ਨਕਰਤਾ ਹਰਭਜਨ ਸਿੰਘ ਦੇ ਇੱਕ ਰਿਸ਼ਤੇਦਾਰ ਮਨਜੀਤ ਲਾਲ ਦੀ ਬੇਇੱਜ਼ਤੀ ਕਰ ਕੇ ਕੁੱਟਮਾਰ ਕੀਤੀ ਗਈ ਤਾਂ ਉਸ ਨੂੰ ਜਲੰਧਰ ਹਸਪਤਾਲ ਦਾਖਲ ਕਰਾਇਆ ਗਿਆ ਸੀ। ਤਿੰਨ ਮਹੀਨੇ ਬਾਅਦ ਮਨਜੀਤ ਲਾਲ ਨੇ ਖੁਦਕੁਸ਼ੀ ਕਰ ਲਈ ਸੀ। ਇਸ ਪਿੱਛੋਂ ਪੁਲਸ ਨੂੰ ਉਥੋਂ ਇੱਕ ਖੁਦਕੁਸ਼ੀ ਨੋਟ ਮਿਲਿਆ ਸੀ, ਜਿਸ ਵਿੱਚ ਪਟੀਸ਼ਨਕਰਤਾ ਹਰਭਜਨ ਦਾ ਨਾਂਅ ਵੀ ਸੀ। ਇਸ ਨੋਟ ਅਨੁਸਾਰ ਬੇਇੱਜ਼ਤੀ ਤੋਂ ਪ੍ਰੇਸ਼ਾਨ ਹੋ ਕੇ ਮਨਜੀਤ ਲਾਲ ਨੇ ਖੁਦਕੁਸ਼ੀ ਕੀਤੀ ਸੀ। ਪੁਲਸ ਨੇ ਲਿਖਾਈ ਮਾਹਰ ਤੋਂ ਜਾਂਚ ਕਰਵਾਈ ਤਾਂ ਸਾਬਤ ਹੋ ਗਿਆ ਕਿ ਇਹ ਨੋਟ ਮਨਜੀਤ ਲਾਲ ਨੇ ਹੀ ਲਿਖਿਆ ਸੀ। ਇਸੇ ਆਧਾਰ ਉੱਤੇ ਪੁਲਸ ਨੇ ਕੇਸ ਵਿੱਚ ਹਰਭਜਨ ਦਾ ਨਾਂਅ ਸ਼ਾਮਲ ਕਰ ਦਿੱਤਾ। ਉਸ ਨੇ ਕਿਹਾ ਕਿ ਮਾਰਚ 2019 ਦੇ ਕੇਸ ਵਿੱਚ ਉਸ ਦਾ ਨਾਂਅ ਨਹੀਂ ਸੀ ਤੇ ਅਜਿਹਾ ਕੋਈ ਕਾਰਨ ਨਹੀਂ, ਜਿਸ ਤਹਿਤ ਹਰਭਜਨ ਬਾਰੇ ਕਿਹਾ ਜਾਵੇ ਕਿ ਉਹ ਮਨਜੀਤ ਨੂੰ ਪ੍ਰੇਸ਼ਾਨ ਕਰਦਾ ਸੀ। ਹਾਈ ਕੋਰਟ ਨੇ ਪਟੀਸ਼ਨਰਅਤੇ ਰਾਜ ਸਰਕਾਰ ਦੀਆਂ ਦਲੀਲਾਂ ਨੂੰ ਸੁਣਨ ਪਿੱਛੋਂ ਕਿਹਾ ਕਿ ਕੇਵਲ ਖੁਦਕੁਸ਼ੀ ਨੋਟ ਵਿੱਚ ਨਾਂਅ ਹੋਣਾ ਕਿਸੇ ਨੂੰ ਕੇਸ ਵਿੱਚ ਵਲ੍ਹੇਟਣ ਲਈ ਕਾਫੀ ਨਹੀਂ, ਕਈ ਤੱਥ ਦੇਖਣੇ ਜ਼ਰੂਰੀ ਹਨ। ਇਨ੍ਹਾਂ ਟਿੱਪਣੀਆਂ ਨਾਲ ਹਾਈ ਕੋਰਟ ਨੇ ਹਰਭਜਨ ਉੱਤੇ ਦਰਜ ਕੇਸ ਨੂੰ ਰੱਦ ਕਰ ਦਿੱਤਾ।

## ਵਿਧਾਨ ਸਭਾ ਚੋਣਾਂ: ਬਹੁਮਤ ਨਾ ਆਇਆ ਤਾਂ ਕਾਂਗਰਸ ਤੇ ਆਪ ਦੀਆਂ ਬੇੜੀਆਂ ਵਿੱਚ ਵੱਟੇ ਪਾ ਸਕਦੀ ਹੈ ਭਾਜਪਾ

ਚੰਡੀਗੜ੍ਹ, 27 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਸਿਆਸੀ ਦ੍ਰਿਸ਼ ਉੱਤੇ ਅਕਾਲੀ ਦਲ ਨਾਲ ਢਾਈ ਦਹਾਕਿਆਂ ਤਕ ਛੋਟੇ ਭਾਈਵਾਲ ਵਜੋਂ ਵਿਚਰਦੀ ਰਹੀ ਭਾਰਤੀ ਜਨਤਾ ਪਾਰਟੀ ਤਾਜ਼ਾ ਵਿਧਾਨ ਸਭਾ ਚੋਣਾਂ ਵਿੱਚ ਚੰਗੀ ਕਾਰਗੁਜ਼ਾਰੀ ਲਈ ਆਸਵੰਦ ਹੈ। ਭਾਜਪਾ ਉੱਤੇਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਜੋੜੀ ਦਾ ਕੰਟਰੋਲ ਹੋਣ ਮਗਰੋਂ ਪੰਜਾਬ ਵਿੱਚ ਪਹਿਲੀ ਵਾਰੀ ਹੋਈਆਂ ਇਹ ਚੋਣਾਂਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਲਈ ਵੀ ਇੱਕ ਪ੍ਰੀਖਿਆ ਹਨ।

ਇਸ ਪਾਰਟੀ ਦੇ ਸੂਬਾਈ ਅਤੇ ਕੌਮੀ ਆਗੂ ਭਾਵੇਂ ਨਤੀਜਿਆਂ ਦਾ ਸਪੱਸ਼ਟ ਟੇਵਾ ਨਹੀਂ ਲਾ ਸਕੇ, ਪਰ ਪਾਰਟੀ ਦੇ ਆਗੂਆਂ ਦਾ ਦਾਅਵਾ ਹੈ ਕਿ 10 ਮਾਰਚ ਨੂੰ ਨਤੀਜੇ ਆਉਣ ਪਿੱਛੋਂ ਅਗਲੀ ਸਰਕਾਰ ਬਣਾਉਣ ਵਿੱਚ ਭਾਜਪਾ ਦੀ ਅਹਿਮ ਭੂਮਿਕਾ ਹੋਵੇਗੀ। ਪੰਜਾਬ ਵਿੱਚ ਭਾਜਪਾ ਨੂੰ ਅਕਾਲੀ ਦਲ ਦੇ ਨਾਲ ਗੱਠਜੋੜ ਦੇ ਸਮੇਂ ਪਾਰਲੀਮੈਂਟ ਜਾਂ ਵਿਧਾਨ ਸਭਾ ਚੋਣਾਂ ਵਿੱਚ ਪੰਜ ਤੋਂ ਸਾਢੇ ਅੱਠ ਫੀਸਦੀ ਤਕ ਵੋਟਾਂ ਮਿਲਦੀਆਂ ਰਹੀਆਂ ਸਨ। ਓਦੋਂ ਅਕਾਲੀ ਦਲ ਨਾਲ ਗੱਠਜੋੜ ਹੇਠ



ਭਾਜਪਾ 23 ਵਿਧਾਨ ਸਭਾ ਹਲਕਿਆਂ ਉੱਤੇ ਉਮੀਦਵਾਰ ਖੜ੍ਹੇ ਕਰਦੀ ਸੀ, ਜਦ ਕਿ ਇਸ ਵਾਰੀ ਸੱਤਰ ਤੋਂ ਵੱਧ ਹਲਕਿਆਂ ਉੱਤੇਭਾਜਪਾ ਉਮੀਦਵਾਰ ਖੜ੍ਹੇ ਹਨ। ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ 2007 ਵਿੱਚ 8.33 ਫੀਸਦੀ ਅਤੇ 2012 ਵਿੱਚ 7.18 ਫੀਸਦੀ ਵੋਟਾਂ ਮਿਲੀਆਂ ਸਨ, ਪਰ 2017 ਵਿੱਚ ਇਹ ਫੀਸਦੀ ਘੱਟ ਕੇ 5.4 ਫੀਸਦੀ ਰਹਿ ਗਈ ਅਤੇ ਸੀਟਾਂ ਵੀ ਤਿੰਨ ਹੀ ਮਿਲੀਆਂ ਸਨ। ਉਸ ਪਿੱਛੋਂ ਪਾਰਟੀ ਲਗਾਤਰ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰਦੀ ਆਈ ਸੀ ਤੇ ਅਕਾਲੀ ਦਲ ਨਾਲ ਤੋੜ ਵਿਛੋੜੇ ਪਿੱਛੋਂ ਇਸ ਨੂੰ ਬੇੜੀ ਬੰਨੇ ਲਾਉਣ ਲਈ ਕੋਈ ਕੱਦਾਵਰ ਆਗੂ ਵੀ ਨਹੀਂ ਲੱਭ ਸਕਿਆ।

ਹਿੰਦੂ ਵਰਗ ਦੇ ਵੋਟਰਾਂ ਨੂੰ ਲੁਭਾਉਣ ਲਈ ਭਾਜਪਾ ਨੇ ਆਮ ਆਦਮੀ ਪਾਰਟੀ ਉੱਤੇ ਖਾਲਿਸਤਾਨ ਪੱਖੀ ਹੋਣ ਦਾ ਡਟਵਾਂ ਪ੍ਰਚਾਰ ਕੀਤਾ ਅਤੇ ਪੰਜਾਬ ਅਤੇ ਹੋਰ ਰਾਜਾਂ ਦੇ ਸੰਘੀ ਵਰਕਰਾਂ ਨੇ ਪੰਜਾਬ ਦੇ ਛੋਟੇ ਵੱਡੇ ਸ਼ਹਿਰਾਂ ਤੇ ਪਿੰਡਾਂ ਵਿੱਚ ਵੀ ਡੇਰੇ ਲਵਾ ਕੇ ਆਪਣੇ ਪੱਖ ਵਿੱਚ ਭੁਗਤਾਉਣ ਲਈ ਤਾਣ ਲਾਇਆ। ਰਾਜਸੀ ਹਲਕਿਆਂ ਵਿੱਚ ਚਰਚਾ ਹੈ ਕਿ ਭਾਜਪਾ ਨੇ ਚੋਣ ਨਤੀਜਿਆਂ ਤੋਂ ਲਟਕਵੀਂ ਵਿਧਾਨ ਸਭਾ ਆਉਣ ਦੀ ਸੂਰਤ ਵਿੱਚ ਆਮ ਆਦਮੀ ਪਾਰਟੀ ਤੇ ਕਾਂਗਰਸ ਨੂੰ ਸੱਤਾ ਤੋਂ ਦੂਰ ਰੱਖਣ ਦੀਨੀਤੀ ਤਹਿਤ ਗੱਠਜੋੜ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਆਗੂਆਂ ਨੂੰ ਵੀ ਇਹ ਡਰ ਸਤਾਉਣ ਲੱਗਾ ਹੈ ਕਿ ਕਿਸੇ ਵੀ ਧਿਰ ਨੂੰ ਸਪੱਸ਼ਟ ਬਹੁਮਤ ਨਾ ਮਿਲਿਆ ਤਾਂ ਭਾਜਪਾ ਬੇੜੀ ਵਿੱਚ ਵੱਟੇ ਪਾਉਣ ਦਾ ਕੰਮ ਕਰ ਸਕਦੀ ਹੈ। ਭਾਜਪਾ ਆਗੂਆਂ ਦਾ ਦਾਅਵਾ ਹੈ ਕਿ ਪਾਰਟੀ ਨੂੰ ਜਿੰਨੀਆਂ ਸੀਟਾਂ ਅਕਾਲੀ ਦਲ ਨਾਲ ਗੱਠਜੋੜ ਦੌਰਾਨ ਮਿਲੀਆਂ ਸਨ, ਓਨੀਆਂ ਕੁ ਸੀਟਾਂ ਮਿਲਣ ਦੇ ਆਸਾਰ ਅੱਜ ਵੀ ਹਨ। ਬਿਨਾਂ ਸ਼ੱਕ ਇਨ੍ਹਾਂ ਚੋਣਾਂ ਵਿੱਚ ਭਾਜਪਾ ਆਪਣੇ ਤੇ ਆਪਣੇ ਸਹਿਯੋਗੀਆਂ ਦੇ ਵੱਡੀ ਗਿਣਤੀਉਮੀਦਵਾਰਾਂ ਲਈ ਡੇਰਾ ਸਿਰਸਾ ਅਤੇ ਡੇਰਾ ਬਿਆਸ ਅਤੇ ਹੋਰ ਕਈ ਡੇਰਿਆਂ ਦੀ ਹਮਾਇਤ ਲੈਣ ਵਿੱਚ ਵੀ ਕਾਮਯਾਬ ਹੋ ਗਈ ਸੀ, ਜਿਸ ਕਰ ਕੇ ਪਾਰਟੀ ਨੂੰ ਵੋਟ ਫੀਸਦੀ ਦਾ ਮੋਟਾ ਹਿੱਸਾ ਮਿਲਣ ਅਤੇ ਹੈਰਾਨੀਜਨਕ ਨਤੀਜਿਆਂ ਦੀ ਆਸ ਹੈ।

## ਜ਼ਹਿਰੀਲੀ ਸ਼ਰਾਬ ਕਾਂਡ ਦੇ ਪੀੜਤ ਡੇਢ ਸਾਲ ਬਾਅਦ ਵੀ ਮੁਆਵਜ਼ੇ ਤੋਂ ਵਾਂਝੇ

ਤਰਨ ਤਾਰਨ, 27 ਫਰਵਰੀ (ਪੋਸਟ ਬਿਊਰੋ)- ਮਾਝਾ ਵਿੱਚ ਲਗਭਗ ਡੇਢ ਸਾਲ ਪਹਿਲਾਂ ਜ਼ਹਿਰੀਲੀ ਸ਼ਰਾਬ ਪੀਣ ਨਾਲ ਵਾਪਰੇ ਕਾਂਡ ਦੇ ਵੱਡੀ ਗਿਣਤੀ ਪੀੜਤ ਪਰਵਾਰ ਅੱਜ ਵੀ ਸਰਕਾਰੀ ਮੁਆਵਜ਼ੇ ਲਈ ਖੱਜਲ ਹੋ ਰਹੇ ਹਨ। ਇਸ ਹਾਦਸੇ ਵਿੱਚ 120 ਲੋਕਾਂ ਦੀ ਜਾਨ ਗਈ ਸੀ। ਬਹੁਤ ਘੱਟ ਪੀੜਤ ਪਰਵਾਰਾਂ ਨੂੰ ਸਰਕਾਰ ਵੱਲੋਂ ਐਲਾਨਿਆ ਪੰਜ ਲੱਖ ਰੁਪਏ ਦਾ ਮੁਆਵਜ਼ਾ ਮਿਲਿਆ ਹੈ ਤੇ ਕਈ ਪਰਵਾਰਾਂ ਨੂੰ ਹਾਲੇ ਤਕ ਇੱਕ ਰੁਪਈਆ ਵੀ ਜਾਰੀ ਨਹੀਂ ਹੋਇਆ। ਮੁਆਵਜ਼ੇ ਦੀ ਰਕਮ ਲਈ ਪੀੜਤਾਂ ਨੂੰ ਐਸ ਡੀ ਐਮ ਦੇ ਦਫਤਰ ਦੇ ਚੱਕਰ ਮਾਰਨੇ ਪੈ ਰਹੇ ਹਨ।



ਪਿੰਡ ਪੰਡੋਰੀ ਗੋਲਾ ਦੇ ਮ੍ਰਿਤਕ ਦਿਲਬਾਗ ਸਿੰਘ (23) ਦੀ ਵਿਧਵਾ ਸ਼ਰਨਜੀਤ ਕੌਰ ਆਪਣੀਆਂ ਤਿੰਨ ਧੀਆਂ ਸੀਰਤ ਕੌਰ (5), ਕੀਰਤ ਕੌਰ (3) ਤੇ ਗੁਰਲੀਨ ਕੌਰ ਨੂੰ ਮੁਸ਼ਕਲ ਨਾਲ ਪਾਲ ਰਹੀ ਹੈ। ਸਭ ਤੋਂ ਛੋਟੀ ਗੁਰਲੀਨ ਕੌਰ ਆਪਣੇ ਪਿਤਾ ਦੀ ਮੌਤ ਵੇਲੇ ਮਸਾਂ 15 ਦਿਨਾਂ ਦੀ ਸੀ। ਇੱਕ ਕਮਰੇ ਵਾਲੇ ਘਰ ਵਿੱਚ ਸ਼ਰਨਜੀਤ ਆਪਣੀਆਂ ਧੀਆਂ, ਸੱਸ, ਦਿਓਰ ਤੇ ਨਨਾਣ ਨਾਲ ਰਹਿੰਦੀ ਹੈ। ਲੋੜੀਂਦੇ ਦਸਤਾਵੇਜ਼ ਇੱਕ ਸਾਲ ਪਹਿਲਾਂ ਪ੍ਰਸ਼ਾਸਨ ਨੂੰ ਜਮ੍ਹਾਂ ਕਰਵਾ ਦਿੱਤੇ ਸਨ, ਪਰ ਹਾਲੇ ਤਕ ਮੁਆਵਜ਼ਾ ਰਕਮ ਨਹੀਂ ਮਿਲੀ।ਇਸੇ ਪਿੰਡ ਦੇ ਮ੍ਰਿਤਕ ਹੀਰਾ ਸਿੰਘ (30) ਦੇ ਪਿਤਾ ਬਲਦੇਵ ਸਿੰਘ ਨੇ ਕਿਹਾ ਕਿ ਹੀਰਾ ਸਿੰਘ ਅਤੇ ਦਿਲਬਾਗ ਸਿੰਘ ਦੋਵਾਂ ਦੀ ਮੌਤ 'ਤੇ ਪੁਲਸ ਵੱਲੋਂ ਦਰਜ ਕੀਤੇ ਕੇਸ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਦੇ ਦਿੱਤੀ ਗਈ ਹੈ, ਪਰ ਅੱਜ ਤਕ ਇੱਕ ਪੈਸਾ ਵੀ ਨਹੀਂ ਮਿ-ਲਆ। ਹੀਰਾ ਸਿੰਘ ਦੀ ਪਤਨੀ ਆਪਣੇ ਦੋ ਬੱਚਿਆਂ ਨਾਲ ਪੇਕੇ ਘਰ ਚਲੀ ਗਈ ਹੈ। ਪਿੰਡ ਭੁੱਲਰ ਦੇ ਚੰਨਾ ਦੇ ਪਰਵਾਰ ਨੂੰ ਵੀ ਹਾਲੇ ਤਕ ਮੁਆਵਜ਼ਾ ਨਹੀਂ ਮਿ-ਲਆ।

ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਦੱਸਿਆ ਹੈ ਕਿ ਜ਼ਿਲ੍ਹੇ ਦੇ ਸਾਰੇ ਪੀੜਤਾਂ ਲਈ 5.6 ਕਰੋੜ ਰੁਪਏ ਲੋੜੀਂਦੇ ਸਨ, ਪਰ ਸਰਕਾਰ ਨੇ ਅਜੇ ਤਕ ਪੰਜ ਕਰੋੜ ਰੁਪਏ ਭੇਜੇ ਸਨ। ਉਨ੍ਹਾਂ ਕਿਹਾ ਕਿ ਪੀੜਤਾਂ ਨੂੰ 60 ਲੱਖ ਰੁਪਏ ਦੇਣੇ ਬਾਕੀ ਹਨ ਅਤੇ ਲਗਭਗ ਤੀਹ ਪਰਵਾਰਾਂ ਵਿੱਚੋਂ ਕਈਆਂ ਨੂੰ ਪੂਰਾ ਅਤੇ ਕਈਆਂ ਨੂੰ ਕੁਝ ਹਿੱਸਾ ਹਾਲੇ ਦੇਣਾ ਬਾਕੀ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU

You only pay upon settlement

647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ ਵਿੱਚ ਫੌਜੀ ਜਵਾਨ ਗ੍ਰਿਫਤਾਰ

ਪਠਾਨਕੋਟ, 27 ਫਰਵਰੀ (ਪੋਸਟ ਬਿਊਰੋ)- ਭਾਰਤੀ ਫੌਜ ਦੀ ਖੁਫੀਆ ਜਾਣਕਾਰੀ ਪਾਕਿਸਤਾਨ ਨੂੰ ਭੇਜਣ ਦੇ ਦੋਸ਼ ਵਿੱਚ ਕੱਲ੍ਹ ਸ਼ਾਮ ਪਠਾਨਕੋਟ ਵਿੱਚ ਤੈਨਾਤ ਫੌਜੀਨਵਜੋਤ ਸਿੰਘ ਪਿੰਡ ਭਾਰਤਵਾਲ, ਗੁਰਦਾਸਪੁਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸ ਦੇ ਅਣਪਛਾਤੇ ਸਾਥੀ ਉੱਤੇਵੀ ਕੇਸ ਦਰਜ ਕੀਤਾ ਗਿਆ ਹੈ।

ਐਸ ਐਸ ਪੀ ਪਠਾਨਕੋਟ ਨੇ ਦੱਸਿਆ ਕਿ ਦੋਸ਼ੀ ਨੂੰ ਕਾਬੂ ਕਰ ਲਿਆ ਹੈ ਅਤੇ ਫੌਜ ਦੀਆਂ ਖੁਫੀਆ ਏਜੰਸੀਆਂ



ਉਸ ਤੋਂ ਪੁੱਛਗਿੱਛ ਕਰ ਰਹੀਆਂ ਹਨ। ਇਸ ਦੇ ਬਾਅਦ ਫੌਜ ਉਸ ਨੂੰ ਪਠਾਨਕੋਟ ਪੁਲਸ ਦੇ ਹਵਾਲੇ ਕਰੇਗੀ।ਉਨ੍ਹਾਂ ਕਿਹਾ ਕਿ ਦੋਸ਼ੀ ਦਾ ਮੋਬਾਈਲ ਫੋਰੈਂਸਿਕ ਲੈਬ ਵਿੱਚ ਭੇਜਿਆ ਜਾਏਗਾ ਅਤੇ ਰਿਪੋਰਟ ਆਉਣ ਉੱਤੇ ਪੁੱਛਗਿੱਛ ਕੀਤੀ ਜਾਏਗੀ।

ਵਰਨਣ ਯੋਗ ਹੈ ਕਿ ਭਾਰਤ-ਪਾਕਿ ਸਰਹੱਦ ਨਾਲ ਦੇ ਅਤਿ ਸੰਵੇਦਨਸ਼ੀਲ ਜ਼ਿਲ੍ਹਾ ਪਠਾਨਕੋਟ ਹਾਈ ਅਲਰਟ ਉੱਤੇ ਹੈ। ਫੌਜ ਦੇ ਤ੍ਰਿਵੇਣੀ ਗੇਟ ਅਤੇ ਚੱਕੀ ਪੁਲ ਉੱਤੇ ਹੋਏ ਬੰਬ ਧਮਾਕਿਆਂ ਪਿੱਛੋਂ ਪੁਲਸ ਤੇ ਫੌਜ ਦੀਆਂ ਖੁਫੀਆ ਏਜੰਸੀਆਂ ਜਾਂਚ ਵਿੱਚ ਲੱਗੀਆਂ ਸਨ। ਉਕਤ ਕਾਰਵਾਈ ਇਸੇ ਜਾਂਚ ਦੇ ਆਧਾਰ ਉੱਤੇ ਕੀਤੀ ਗਈ ਹੈ। ਥਾਣਾ ਸਦਰ ਦੇ ਇੰਚਾਰਜ ਨੇ ਦੱਸਿਆ ਕਿ ਦੋਸ਼ੀ ਇੰਟਰਨੈਟ ਰਾਹੀਂ ਪਾਕਿਸਤਾਨ ਨੂੰ ਖੁਫੀਆ ਜਾਣਕਾਰੀ ਪੁਚਾਉਂਦਾ ਸੀ।

## ਅਪਾਰਟਮੈਂਟ ਦੀ ਛੇਵੀਂ ਮੰਜ਼ਿਲ ਤੋਂ ਡਿੱਗਣ ਨਾਲ ਮੇਡ ਦੀ ਮੌਤ

ਖਰੜ, 27 ਫਰਵਰੀ (ਪੋਸਟ ਬਿਊਰੋ)- ਖਰੜ-ਲਾਂਡਰਾ ਰੋਡ ਦੇ ਰਿਹਾਇਸ਼ੀ ਅਪਾਰਟਮੈਂਟ ਦੀ ਛੇਵੀਂ ਮੰਜ਼ਿਲ ਤੋਂ ਡਿੱਗ ਕੇ ਮੇਡ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮ੍ਰਿਤਕਾ ਦਾ ਪਿਤਾ ਗੋਪਾਲ ਵਾਸੀ ਉਨਾਵ, ਯੂ ਪੀ ਮੌਜੂਦਾ ਵਾਸੀ ਜਗਤਪੁਰਾ ਮੋਹਾਲੀ ਏਥੇ ਮਜ਼ਦੂਰੀ ਕਰਦਾ ਹੈ। ਉਸ ਦੇ ਚਾਰ ਬੱਚੇ ਹਨ, ਜਿਨ੍ਹਾਂ ਵਿੱਚੋਂ ਲੜਕੀ ਜੋਤੀ (18) ਖਰੜ ਦੇ ਅੰਸਲ ਆਰਚਿਡ ਕੰਟਰੀ ਅਪਾਰਟਮੈਂਟ ਸੈਕਟਰ 115 ਅੰਦਰ ਡੇਢ ਸਾਲ ਤੋਂ ਅਭਿਨਵ ਦੇ ਘਰ ਕੰਮ ਕਰਦੀ ਤੇ ਉਥੇ ਰਹਿੰਦੀ ਸੀ।ਕੱਲ੍ਹ ਉਸ ਦੇ ਲੜਕੇ ਨੂੰ ਘਰ ਦੇ ਮਾਲਕ ਅਭਿਨਵ ਦਾ ਫੋਨ ਆਇਆ ਕਿ ਜੋਤੀ ਫਲੈਟ ਦੀ ਬਾਲਕੋਨੀ ਤੋਂ ਡਿੱਗ ਪਈ ਹੈ, ਜਿਸ ਨੂੰ ਮੋਹਾਲੀ ਦੇ ਨਿੱਜੀ ਹਸਪਤਾਲ ਭਰਤੀ ਕਰਾਇਆ ਗਿਆ ਹੈ। ਜਦ ਹਸਪਤਾਲ ਪਹੁੰਚੇ ਤਾਂ ਡਾਕਟਰਾਂ ਨੇ ਦੱਸਿਆ ਕਿ ਜੋਤੀ ਦੀ ਮੌਤ ਹੋ ਚੁੱਕੀ ਹੈ।ਜਾਂਚ ਅਧਿਕਾਰੀ ਨੇ ਦੱਸਿਆ ਕਿ ਸ਼ੁਰੂ ਦੀ ਜਾਂਚ ਵਿੱਚ ਪਤਾ ਲੱਗਾ ਕਿ ਜੋਤੀ ਦਾ ਕੱਦ ਚਾਰ ਫੁੱਟ ਸੀ ਤੇ ਕੱਪੜੇ ਸੁਕਾਉਣ ਲਈ ਬਾਲਕੋਨੀ ਵਿੱਚ ਗਈ ਸੀ। ਜਦੋਂ ਉਸ ਨੇ ਟੇਬਲ ਉੱਤੇ ਚੜ੍ਹ ਕੇ ਤਾਰ ਉੱਤੇ ਕੱਪੜੇ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਸੰਤੁਲਨ ਵਿਗੜਨ ਕਾਰਨ ਉਹ ਛੇਵੀਂ ਮੰਜ਼ਿਲ ਤੋਂ ਹੇਠਾਂ ਡਿੱਗ ਕੇ ਜ਼ਖਮੀ ਹੋ ਗਈ। ਮ੍ਰਿਤਕਾ ਦੇ ਮਾਪਿਆਂ ਨੇ ਕਿਹਾ ਕਿ ਉਨ੍ਹਾਂ ਦੀ ਬੇਟੀ ਦੀ ਮੌਤ ਕੋਈ ਹਾਦਸਾ ਨਹੀਂ, ਬਲਕਿ ਸਾਜ਼ਿਸ਼ ਹੈ।

## ਸੁਖਬੀਰ ਬਾਦਲ ਨੇ ਵੀ ਭਾਖੜਾ ਬਿਆਸ ਬੋਰਡ ਦੇ ਨਿਯਮ ਬਦਲਣ ਦਾ ਨਵਾਂ ਫ਼ੈਸਲਾ ਖ਼ਤਰਨਾਕ ਕਿਹਾ

ਚੰਡੀਗੜ੍ਹ, 27 ਫਰਵਰੀ, (ਪੋਸਟ ਬਿਊਰੋ)- ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਦੇ ਮੈਂਬਰ ਲਾਉਣਲਈ ਨਿਯਮ ਬਦਲਣਦੇ ਕੇਂਦਰ ਦੀ ਸਰਕਾਰ ਦੇ ਫ਼ੈਸਲੇ ਨੂੰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੈਰਾਨੀਜਨਕ ਪੱਧਰ ਉੱਤੇ ਖਤਰਨਾਕ ਕਰਾਰ ਦੇ ਕੇ ਕਿਹਾ ਕਿ ਇਸ ਦੇ ਪੰਜਾਬ ਲਈ ਗੰਭੀਰ ਨਤੀਜੇ ਨਿਕਲਣਗੇ।

ਅੱਜ ਇਥੇ ਜਾਰੀ ਕੀਤੇ ਇੱਕ ਬਿਆਨ ਵਿੱਚ ਸੁਖਬੀਰ ਸਿੰਘ ਬਾਦਲ ਨੇ ਕਿਹਾਕਿ ਭਾਰਤ ਦੇ ਕਾਨੂੰਨ, ਪਿਛਲੀਆਂ ਪਿਰਤਾਂ ਤੇ ਰਵਾਇਤਾਂ ਦੇ ਮੁਤਾਬਕ ਸਤਲੁਜ ਬਿਆਸ ਹੈੱਡਵਰਕਸ ਉੱਤੇ ਕੰਟਰੋਲ ਸਿਰਫ ਪੰਜਾਬ ਦਾ ਹੋਣਾ ਚਾਹੀਦਾ ਹੈ, ਕਿਉਂਕਿ ਪੰਜਾਬ ਕੋਲ ਰਾਇਪੇਰੀਅਨ ਹੱਕ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਕੇਂਦਰ ਨੇ ਗੈਰ-ਸੰਵਿਧਾਨਕ ਤੌਰ ਉੱਤੇ ਸਾਥੋਂ ਕੰਟਰੋਲ ਖੋਹ ਲਿਆ ਅਤੇ ਅੱਗੋਂ ਇਹ ਸਾਨੂੰ ਬੀਬੀ ਐੱਮ ਬੀਵਿੱਚੋਂ ਕੱਢਣ ਦਾਜ਼ੋਰ ਲਾ ਹਨ, ਇਹ ਸਾਡੇ ਨਾਲ ਅਨਿਆਂ ਦਾ ਸਿਖ਼ਰ ਹੈ। ਉਨ੍ਹਾਂ ਕਿਹਾ ਕਿ ਇਹ ਵੀ ਇੱਕਮਿਸਾਲ ਹੈ, ਜਦੋਂ ਕੇਂਦਰ ਦੀਆਂ ਸਰਕਾਰਾਂ ਨੇ ਲਗਾਤਾਰ ਫੈਡਰਲ ਸਿਧਾਂਤ ਛਿੱਕੇ ਟੰਗੇ ਹਨ, ਅਸੀਂ ਇਸ ਧੱਕੇਸ਼ਾਹੀ ਦਾ ਪੁਰਜ਼ੋਰ ਵਿਰੋਧ ਕਰਾਂਗੇ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿਆਸੀ ਧਿਰਾਂ ਸਣੇ ਸਾਰੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬਦੇ ਲਈ ਨਿਆਂ ਲੈਣਲਈ ਇਕੱਠੇ ਹੋ ਕੇ ਡਟ ਜਾਣ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਪੰਜਾਬੀਆਂ ਨਾਲ ਆਮ ਤੌਰ ਉੱਤੇਅਤੇ ਸਿੱਖਾਂ ਨਾਲ ਖਾਸ ਤੌਰ ਉੱਤੇਸਿਆਸੀ, ਆਰਥਿਕ ਤੇ ਧਾਰਮਿਕ ਵਿਤਕਰੇ ਦੀ ਲੜੀ ਦੀ ਇੱਕ ਹੋਰ ਕੜੀ ਹੈ। ਉਨ੍ਹਾਂ ਕਿਹਾ ਕਿ ਦਰਿਆਈ ਪਾਣੀਆਂ ਦਾ ਫੈਸਲਾ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਪ੍ਰਵਾਨਿਤ ਰਾਇਪੇਰੀਅਨ ਸਿਧਾਂਤ ਅਨੁਸਾਰ ਹੋਣਾ ਚਾਹੀਦਾ ਸੀ, ਪਰ ਕੇਂਦਰ ਸਰਕਾਰ ਜੋ ਕਰਦੀ ਹੈ, ਉਹ ਰਾਇਪੇਰੀਅਨ ਰਾਜ ਪੰਜਾਬ ਦੀ ਲੁੱਟ ਹੈ, ਜਿਸ ਦਾ ਮਕਸਦ ਗੈਰ-ਰਾਇਪੇਰੀਅਨ ਰਾਜਾਂ ਹਰਿਆਣਾ ਅਤੇ ਰਾਜਸਥਾਨ ਦੀ ਮਦਦ ਕਰਨਾ ਹੈ। ਉਨ੍ਹਾ ਕਿਹਾ ਕਿ ਇਹ ਫੈਸਲਾ ਪੰਜਾਬੀਆਂ ਦੇ ਆਮ ਅਤੇ ਸਿੱਖਾਂ ਅਤੇ ਹੋਰ ਕਿਸਾਨਾਂ ਦੇ ਖਾਸ ਤੌਰ ਉੱਤੇ ਪਹਿਲੇ ਰਿਸਦੇ ਜ਼ਖ਼ਮਾਂ ਉੱਤੇ ਲੂਣ ਧੂੜਨਵਾਂਗ ਹੈ।ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 78 ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕੋਲ ਦਰਿਆਈ ਪਾਣੀਆਂ ਦੇ ਮੁੱਦੇ ਦਾ ਹੱਲ ਕਰਨ ਦੀ ਕੋਈ ਤਾਕਤ ਨਹੀਂ।ਉਨ੍ਹਾ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਇਸ ਗੰਭੀਰ ਵਿਤਕਰੇ ਬਾਰੇਅਕਾਲੀ ਦਲ ਮੂਕ ਦਰਸ਼ਕ ਬਣ ਕੇ ਨਹੀਂ ਬੈਠੇਗਾ ਅਤੇ ਇਸ ਕੋਲ ਫੈਡਰਲ ਢਾਂਚੇ ਦੇ ਬਚਾਅ ਲਈ ਅਤੇ ਭਵਿੱਖੀ ਪੀੜ੍ਹੀਆਂ ਨੂੰ ਭੁੱਖੇ ਮਰਨ ਤੋਂ ਬਚਾਉਣ ਲਈ ਸੰਘਰਸ਼ ਵਿੱਢਣ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿ ਜਾਂਦਾ।

## ਸੜਕ ਹਾਦਸੇ ਵਿੱਚ ਪਿਤਾ ਦੀ ਮੌਤ, ਮਾਂ-ਪੁੱਤਰ ਸਮੇਤ ਤਿੰਨ ਜ਼ਖਮੀ

ਅਬੋਹਰ, 27 ਫਰਵਰੀ (ਪੋਸਟ ਬਿਊਰੋ)- ਬੀਤੀ ਦੇਰ ਸ਼ਾਮ ਡੱਬਵਾਲੀ ਨੇੜੇ ਇੱਕ ਕਾਰ ਅਤੇ ਟਰਾਲੀ ਦੀ ਟੱਕਰ ਵਿੱਚ ਕਾਰ ਸਵਾਰ ਇੱਕ ਵਿਅਕਤੀ ਦੀ ਮੌਤ ਹੋ ਗਈ, ਜੋ ਆਪਣੇ ਪਰਵਾਰ ਨਾਲ ਅਬੋਹਰ ਤੋਂ ਹਰਿਆਣਾ ਸੂਬੇ ਦੇ ਡੱਬਵਾਲੀ ਦੇ ਪਿੰਡ ਕਾਲਿਆਂਵਾਲੀ ਵਿੱਚ ਦਵਾਈ ਲੈਣ ਜਾ ਰਿਹਾ ਸੀ। ਸਰਕਾਰੀ ਹਸਪਤਾਲ ਵਿੱਚ ਦਾਖਲ ਜ਼ਖਮੀ ਹੁਕਮ ਵਾਸੀ ਇੰਦਰਾ ਨਗਰੀ ਗਲੀ ਨੰਬਰ ਤਿੰਨ ਨੇ ਦੱਸਿਆ ਕਿ ਕੱਲ੍ਹ ਉਹ ਆਪਣੇ ਪਿਤਾ ਰਾਜ ਕੁਮਾਰ,ਮਾਤਾ ਕਿਰਨ ਤੇ ਭੂਆ ਦੇ ਬੇਟੇ ਨਾਲ ਕਾਰ ਉੱਤੇਕਾਲਿਆਂਵਾਲੀ ਤੋਂ ਦਵਾਈ ਲੈਣ ਦੇ ਬਾਅਦ ਵਾਪਸ ਆ ਰਹੇ ਸੀ ਤਾਂ ਡੱਬਵਾਲੀ ਨੇੜੇ ਇੱਕ ਟਰੈਕਟਰ-ਟਰਾਲੀ ਚਾਲਕ ਨੇ ਲਾਪਰਵਾਹੀ ਨਾਲ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਸਾਰੇ ਕਾਰ ਸਵਾਰ ਸਾਰੇ ਜ਼ਖਮੀ ਹੋ ਗਏ। ਇਸ ਹਾਦਸੇ ਵਿੱਚਜ਼ਖਮੀ ਸੁਨੀਲ ਕੁਮਾਰ ਨੂੰ ਸਿਰਸਾ ਵਿੱਚ ਭਰਤੀ ਕਰਾਇਆ ਗਿਆ ਅਤੇ ਬਿਮਾਰ ਪਿਤਾ ਰਾਜ ਕੁਮਾਰ ਨੂੰ ਜ਼ਖਮੀ ਹੋਣ ਉੱਤੇ ਅਬੋਹਰ ਲਿਆ ਰਹੇ ਸੀ ਤਾਂ ਉਸ ਦੀ ਰਸਤੇ ਵਿੱਚ ਮੌਤ ਹੋ ਗਈ।ਹਰਿਆਣਾ ਪੁਲਸ ਨੇ ਟਰਾਲੀ ਚਾਲਕ ਖਿਲਾਫ ਕੇਸ ਦਰਜ ਕਰ ਲਿਆ ਹੈ।

# ਰੂਸੀ ਬਜ਼ੁਰਗ ਜੰਗ ਦੇ ਪੱਖ ਵਿੱਚ ਹਨ, ਪਰ ਨੌਜਵਾਨ ਵਿਰੋਧ ਵਿੱਚ



ਯੂਕਰੇਨ, 27 ਫਰਵਰੀ (ਪੋਸਟ ਬਿਊਰੋ)- ਯੂਕਰੇਨ ਵਿੱਚ ਰੂਸੀ ਫੌਜ ਦੀ ਕਾਰਵਾਈ ਬਾਰੇ ਉਮਰ ਦੇ ਹਿਸਾਬ ਨਾਲ ਵੀ ਲੋਕ ਵੰਡੇ ਹੋਏ ਹਨ। ਵੱਡੀ ਉਮਰ ਵਾਲੇ ਬਹੁਤੇ ਰੂਸੀ ਜੰਗ ਦਾ ਸਮਰਥਨ ਕਰਦੇ ਹਨ, ਪ੍ਰੰਤੂ ਸੋਵੀਅਤ ਯੂਨੀਅਨ ਟੁੱਟਣ ਦੇ ਬਾਅਦ ਰੂਸ ਵਿੱਚ ਪੈਦਾ ਹੋਈ ਪੀੜ੍ਹੀ ਇਸ ਜੰਗ ਦਾ ਪੂਰੀ ਤਰ੍ਹਾਂ ਵਿਰੋਧ ਕਰਦੀ ਹੈ। ਹਾਲਾਂਕਿ ਇਨ੍ਹਾਂ ਲੜਕੇ-ਲੜਕੀਆਂ ਵਿੱਚ ਬਹੁਤ ਸਾਰੇ ਅਜਿਹੇ ਹਨ, ਜੋ ਯੂਕਰੇਨ ਨੂੰ ਸਬਕ ਸਿਖਾਉਣ ਲਈ ਜੰਗ ਨੂੰ ਗੈਰ ਜ਼ਰੂਰੀ ਮੰਨਦੇ ਹਨ।

19 ਸਾਲ ਦੇ ਵਲਾਦੀਮੀਰ ਦਾ ਕਹਿਣਾ ਹੈ ਕਿ ਯੂਕਰੇਨ ਦੇ ਡੋਨਬਾਸ ਨੂੰ ਮਾਨਤਾ ਦੇਣਾ ਠੀਕ ਹੈ, ਪਰੰਤੂ ਯੂਕਰੇਨ ਉੱਤੇ ਜੰਗ ਠੋਸ ਦੇਣਾ ਠੀਕ ਨਹੀਂ। 24 ਸਾਲਾ ਅਲਿਓਨਾ ਦਾ ਕਹਿਣਾ ਹੈ ਕਿ ਯੂਕਰੇਨ ਦੇ ਘਰੇਲੂ ਮਾਮਲਿਆਂ ਵਿੱਚ ਦਖਲ ਦੇਣਾ ਠੀਕ ਨਹੀਂ, ਜੋ ਧਨ ਇਸ ਬੇਕਾਰ ਦੀ ਜੰਗ ਵਿੱਚ ਬਰਬਾਦ ਹੋ ਰਿਹਾ ਹੈ, ਉਸ ਨੂੰ ਰੂਸ ਦੀ ਖੁਸ਼ਹਾਲੀ ਲਈ ਖਰਚ ਕਰਨਾ ਚਾਹੀਦਾ ਸੀ। ਬੀ ਏ ਫਾਈਨਲ ਦੀ ਵਿਦਿਆਰਥਣ ਵਲੇਰੀਆ ਨੇ ਕੱਲ੍ਹ ਸ਼ਾਮ ਹੋਏ ਯੁੱਧ-ਵਿਰੋਧੀ ਪ੍ਰਦਰਸ਼ਨ ਵਿੱਚ ਵੀ ਹਿੱਸਾ ਲਿਆ ਸੀ। ਦੂਸਰੇ ਪਾਸੇ ਆਨਾ ਨਾਂਅ ਦੀ ਅਧੇੜ ਔਰਤ ਨੇ ਕਿਹਾ, ਅਸੀਂ ਦੂਸਰੇ ਵਿਸ਼ਵ ਯੁੱਧ ਵਿੱਚ ਯੂਕਰੇਨ ਦਾ ਸਾਥ ਦਿੱਤਾ ਸੀ। ਯੂਕਰੇਨ ਨੂੰ ਹਿਟਲਰ ਦੇ ਕਬਜ਼ੇ ਵਿੱਚੋਂ ਆਜ਼ਾਦ ਕਰਾਇਆ, ਪ੍ਰੰਤੂ ਅੱਜ ਯੂਕਰੇਨ ਪੱਛਮੀ ਫਾਸਿਸਟਾਂ ਦੇ ਨਾਲ ਹੈ। ਯੂਕਰੇਨ ਦੇ ਸ਼ਾਸਕ ਉਥੇ ਰਹਿੰਦੇ ਰੂਸੀਆਂ ਦਾ ਦਮਨ ਕਰਦੇ ਹਨ। ਇਸ ਲਈ ਫੌਜੀ ਕਾਰਵਾਈ ਜ਼ਰੂਰੀ ਹੈ। ਸੱਤਰ ਸਾਲ ਦੀ ਅਨਤੋਨ ਦਾ ਕਹਿਣਾ ਹੈ ਕਿ ਯੂਕਰੇਨ ਦੇ ਹਾਕਮ ਰਾਸ਼ਟਰਵਾਦੀਆਂ ਨੂੰ ਸਬਕ ਸਿਖਾਉਣਾ ਵੀ ਜ਼ਰੂਰੀ ਸੀ, ਪਰ ਜੰਗ ਟਲ ਜਾਂਦੀ ਤਾਂ ਬਿਹਤਰ ਰਹਿੰਦਾ। 83 ਸਾਲ ਦੇ ਸਾਬਕਾ ਫੌਜੀ ਅਫਸਰ ਰੂਸਲਾਨ ਨੇ ਰੂਸੀ ਫੌਜ ਦੀ ਕਾਰਵਾਈ ਨੂੰ ਪੂਰੀ ਤਰ੍ਹਾਂ ਸਹੀ ਦੱਸ ਕੇ ਕਿਹਾ ਕਿ ਦੁਸ਼ਮਣ ਨੂੰ ਗੋਡਿਆਂ ਪਰਨੇ ਬਿਠਾ ਕੇ ਹੀ ਸਬਕ ਸਿਖਾਇਆ ਜਾ ਸਕਦਾ ਹੈ। ਅੱਜ ਦੇ ਯੂਕਰੇਨ ਦੇ ਸ਼ਾਸਕਾਂ ਨੂੰ ਸਬਕ ਸਿਖਾਉਣ ਲਈ ਪੁਤਿਨ ਨੇ ਇਕਦਮ ਠੀਕ ਕਦਮ ਚੁੱਕਿਆ ਹੈ। ਰੂਸ ਦੀ 62 ਫੀਸਦੀ ਆਬਾਦੀ ਪੰਜਾਹ ਸਾਲ ਦੀ ਉਮਰ ਤੋਂ ਜ਼ਿਆਦਾ ਦੀ ਹੈ।

# ਚੀਨ ਦਾ ਸਟੈਂਡ: ਨਾਟੋ ਦੇ ਵਿਸਥਾਰ ਬਾਰੇ ਰੂਸ ਦੀ ਸੁਰੱਖਿਆ ਚਿੰਤਾ ਨੂੰ ਦੂਰ ਕਰਨਾ ਵੀ ਜ਼ਰੂਰੀ



ਵਾਸ਼ਿੰਗਟਨ, 27 ਫਰਵਰੀ (ਪੋਸਟ ਬਿਊਰੋ)- ਰੂਸ-ਯੂਕਰੇਨ ਜੰਗ ਬਾਰੇ ਚੀਨ ਨੇ ਕਿਹਾ ਹੈ ਕਿ ਉਹ ਯੂਕਰੇਨ ਸਣੇ ਸਾਰੇ ਦੇਸ਼ਾਂ ਦੀ ਖੁਦ-ਮੁਖਤਿਆਰੀ ਦਾ ਸਨਮਾਨ ਕਰਦਾ ਹੈ, ਪਰ ਨਾਟੋ ਦੇ ਵਿਸਥਾਰ ਬਾਰੇ ਰੂਸ ਦੀ ਚਿੰਤਾ ਨੂੰ ਵੀ ਢੁਕਵੇਂ ਤਰੀਕੇ ਨਾਲ ਦੂਰ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਚੀਨ ਨੇ ਆਪਣਾ ਸਟੈਂਡ ਸਾਫ ਕਰ ਦਿੱਤਾ ਹੈ।

ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਕਿਹਾ ਕਿ ਕੋਈ ਵੀ ਯੂਕਰੇਨ ਦੇ ਮੌਜੂਦਾ ਹਾਲਾਤ ਵਰਗੀ ਸਥਿਤੀ ਨਹੀਂ ਚਾਹੁੰਦਾ, ਪਰ ਚੀਨ ਚਾਹੁੰਦਾ ਹੈ ਕਿ ਰੂਸ ਤੇ ਯੂਕਰੇਨ ਵਿਚਾਲੇ ਜਲਦੀ ਗੱਲਬਾਤ ਹੋਵੇ। ਚੀਨ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਵਾਂਗ ਨੇ ਕਿਹਾ ਕਿ 'ਚੀਨ ਸਾਰੇ ਦੇਸ਼ਾਂ ਦੀ ਖੁਦਮੁਖਤਿਆਰੀ ਅਤੇ ਖੇਤਰੀ ਅਖੰਡਤਾ ਦੀ ਦ੍ਰਿੜ੍ਹਤਾ ਨਾਲ ਸੁਰੱਖਿਆ ਅਤੇ ਸਨਮਾਨ ਦੀ ਵਕਾਲਤ ਕਰਦਾ ਹੈ। ਇਹ ਯੂਕਰੇਨ ਦੇ ਮੁੱਦੇ ਉੱਤੇ ਵੀ ਬਰਾਬਰ ਲਾਗੂ ਹੁੰਦਾ ਹੈ।'' ਇਸ ਬਿਆਨ ਮੁਤਾਬਕ ''ਨਾਟੋ ਦੇ ਵਿਸਥਾਰ ਦੇ ਲਗਾਤਾਰ ਪੰਜ ਦੌਰ ਦੇਖਦੇ ਹੋਏ ਰੂਸ ਦੀਆਂ ਜਾਇਜ਼ ਸੁਰੱਖਿਆ ਮੰਗਾਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਤੇ ਉਸ ਦਾ ਸਹੀ ਤਰੀਕੇ ਨਾਲ ਹੱਲ ਕਰਨਾ ਚਾਹੀਦਾ ਹੈ।''

ਇੱਥੇ ਪੂਰਬੀ ਵਿਸਥਾਰ ਤੋਂ ਮਤਲਬ ਯੂਰਪ ਤੋਂ ਰੂਸ ਵੱਲ ਵਿਸਥਾਰ ਤੋਂ ਹੈ। ਇਸ ਖਿਲਾਫ ਨਿੰਦਾ ਪ੍ਰਸਤਾਵ ਬਾਰੇ ਵਾਂਗ ਨੇ ਕਿਹਾ ਕਿ ਸੁਰੱਖਿਆ ਕੌਂਸਲ ਨੂੰ ਤਣਾਅ ਘੱਟ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਵਧਾਉਣ ਦੀ ਨਹੀਂ। ਇਸ ਤੋਂ ਪਹਿਲਾਂ ਯੂਕਰੇਨ ਉੱਤੇ ਹਮਲੇ ਦੇ ਵਿਰੋਧ ਵਿੱਚ ਅਮਰੀਕਾ ਅਤੇ ਯੂਰਪੀ ਦੇਸ਼ਾਂ ਨੇ ਰੂਸ ਦੇ ਖਿਲਾਫ ਆਰਥਿਕ ਤੇ ਹੋਰ ਪਾਬੰਦੀਆਂ ਲਾ ਦਿੱਤੀਆਂ ਹਨ। ਰੂਸ ਨੂੰ ਆਸ ਹੈ ਕਿ ਚੀਨ ਆਰਥਿਕ ਪਾਬੰਦੀਆਂ ਦੇ ਪ੍ਰਭਾਵ ਨੂੰ ਘੱਟ ਕਰਨ ਵਿੱਚ ਉਸ ਦੀ ਮਦਦ ਕਰ ਸਕਦਾ ਹੈ, ਪਰ ਚੀਨ ਸਰਕਾਰ ਤੋਂ ਅਜਿਹਾ ਕੋਈ ਸੰਕੇਤ ਨਹੀਂ ਮਿਲ ਰਿਹਾ ਕਿ ਉਹ ਅਮਰੀਕਾ ਤੇ ਯੂਰਪ ਦੇ ਬਾਜ਼ਾਰਾਂ ਵਿੱਚ ਆਪਣੀ ਪਹੁੰਚ ਦੀ ਕੀਮਤ ਉੱਤੇ ਰੂਸ ਦੀ ਮਦਦ ਕਰੇਗਾ।

# ਹੀਰੇ ਦੀ ਨੀਲਾਮੀ ਨਾਲ ਨੌਜਵਾਨ ਕਰੋੜਪਤੀ ਬਣਿਆ

ਪੰਨਾ, 27 ਫਰਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਦੀ ਰਤਨਗਰਭਾ ਧਰਤੀ ਤੋਂ ਇੱਕ ਨੌਜਵਾਨ ਨੂੰ ਮਿਲੇ ਕੀਮਤੀ ਹੀਰੇ ਦੀ ਨੀਲਾਮੀ ਨਾਲ ਉਹ ਕਰੋੜਪਤੀ ਬਣ ਗਿਆ ਹੈ। ਇਸ ਸ਼ਹਿਰ ਦੇ ਕਿਸ਼ੋਰਗੰਜ ਮੁਹੱਲੇ ਵਿੱਚ ਰਹਿਣ ਵਾਲੇ ਮੱਧ ਵਰਗੀ ਪਰਵਾਰ ਦੇ ਨੌਜਵਾਨ ਸੁਸ਼ੀਲ ਸ਼ੁਕਲਾ ਨੂੰ ਕ੍ਰਿਸ਼ਨਾ ਕਲਿਆਣਪੁਰ ਦੀ ਉਥਲੀ ਖਾਣ ਵਿੱਚ ਪਿਛਲੇ ਦਿਨੀਂ 26.11 ਕੈਰੇਟ ਵਜ਼ਨ ਦਾ ਕੀਮਤੀ ਹੀਰਾ ਮਿਲਿਆ ਸੀ ਤੇ ਕੱਲ੍ਹ ਦੇਰ ਰਾਤ ਤਕ ਚੱਲੀ ਹੀਰੇ ਦੀ ਨੀਲਾਮੀ ਵਿੱਚ ਉਹ ਹੀਰਾ ਇੱਕ ਕਰੋੜ 62 ਲੱਖ ਤੋਂ ਵੱਧ ਕੀਮਤ ਵਿੱਚ ਕਾਰੋਬਾਰੀ ਬ੍ਰਿਜੇਸ਼ ਜੜੀਆ ਨੇ ਉਚ ਬੋਲੀ ਲਾ ਕੇ ਖਰੀਦਿਆ ਹੈ। ਇਸ ਕਾਰੋਬਾਰੀ ਦੀ ਮੁੰਬਈ ਵਿੱਚ ਮਦਰ ਜੇਮਸ ਐਂਡ ਕੰਪਨੀ ਹੈ, ਜੋ ਹੀਰਿਆਂ ਦਾ ਕਾਰੋਬਾਰੀ ਕਰਦੀ ਹੈ। ਹੀਰਿਆਂ ਦੀ ਨੀਲਾਮੀ ਨਵੀਨ ਕਲੈਕਟ੍ਰੇਟ ਦੇ ਕਮਰੇ ਵਿੱਚ ਹੀਰਾ ਦਫਤਰ ਵੱਲੋਂ ਕੀਤੀ ਗਈ ਸੀ। ਇਸ ਨੀਲਾਮੀ ਵਿੱਚ 225.72 ਕੈਰੇਟ ਵਜ਼ਨ ਦੇ 154 ਨਗ ਹੀਰੇ ਵਿਕਰੀ ਲਈ ਰੱਖੇ ਗਏ ਸਨ, ਜਿਨ੍ਹਾਂ ਵਿੱਚ 26.11 ਕੈਰੇਟ ਵਜ਼ਨ ਦਾ ਕੀਮਤੀ ਹੀਰਾ ਵੀ ਸ਼ਾਮਲ ਸੀ। ਨੀਲਾਮੀ ਵਿੱਚ ਮੁੰਬਈ, ਗੁਜਰਾਤ (ਸੂਰਤ), ਰਾਜਸਥਾਨ ਤੇ ਮੱਧ ਪ੍ਰਦੇਸ਼ ਦੇ ਹੀਰਾ ਵਪਾਰੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਸਾਰਿਆਂ ਦੀ ਖਿੱਚ ਦਾ ਕੇਂਦਰ ਰਿਹਾ 26.11 ਕੈਰੇਟ ਵਜ਼ਨ ਵਾਲਾ ਹੀਰਾ। 25 ਫਰਵਰੀ ਨੂੰ ਇਸ ਹੀਰੇ ਦੀ ਬੋਲੀ ਲਗਾਈ ਗਈ।

# ਰਾਹੁਲ ਗਾਂਧੀ ਨੇ ਕਿਹਾ: ਭਾਜਪਾ ਕੋਲ ਸੀ ਬੀ ਆਈ, ਈ ਡੀ, ਪੁਲਸ ਅਤੇ ਗੁੰਡੇ ਵੀ ਹਨ, ਪਰ ਮਾਇਨਾ ਸਿਰਫ ਸੱਚਾਈ ਦਾ ਹੈ




ਦਵਾਰਕਾ (ਗੁਜਰਾਤ), 27 ਫਰਵਰੀ (ਪੋਸਟ ਬਿਊਰੋ)- ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕੇਂਦਰ ਦੀਆਂ ਏਜੰਸੀਆਂ ਦੀ ਵਰਤੋਂ ਬਾਰੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਉੱਤੇ ਨਿਸ਼ਾਨਾ ਸੇਧਦੇ ਹੋਏ ਕਿਹਾ ਕਿ ਉਸ ਦੇ ਕੋਲ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ), ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ), ਪੁਲਸ ਅਤੇ ਗੁੰਡੇ ਹਨ, ਪਰ ਅਖੀਰ ਸਿਰਫ ਸੱਚਾਈ ਮਾਇਨੇ ਰੱਖਦੀ ਹੈ, ਜੋ ਗੁਜਰਾਤ ਨੇ ਦੇਸ਼ ਦੀ ਜਨਤਾ ਨੂੰ ਸਿਖਾਇਆ ਹੈ।

ਰਾਹੁਲ ਗਾਂਧੀ ਨੇ ਗੁਜਰਾਤ ਕਾਂਗਰਸ ਵੱਲੋਂ ਕਰਵਾਏ ਚਿੰਤਨ ਕੈਂਪ ਦੇ ਦੂਸਰੇ ਦਿਨ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 'ਗੁਜਰਾਤ ਸਾਨੂੰ ਸਿਖਾਉਂਦਾ ਹੈ ਕਿ ਸੱਚਾਈ ਕੀ ਹੈ। ਗਾਂਧੀ ਜੀ ਨੂੰ ਵੇਖੋ, ਕੀ ਉਨ੍ਹਾਂ ਕੋਲ ਕਦੇ ਚੰਗੇ ਕੱਪੜੇ ਸਨ, ਈ ਡੀ ਜਾਂ ਸੀ ਬੀ ਆਈਸੀ? ਨਹੀਂ, ਕਿਉਂਕਿ ਸੱਚਾਈ ਹਮੇਸ਼ਾ ਸਾਧਾਰਨ ਹੁੰਦੀ ਹੈ।ਕਾਂਗਰਸ ਵਰਕਰਾਂ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਪਹਿਲਾਂ ਗੁਜਰਾਤ ਵਿਧਾਨ ਸਭਾ ਚੋਣਾਂ ਜਿੱਤ ਚੁੱਕੇ ਹਨ। ਤੁਸੀਂ ਇਸ ਨੂੰ ਪ੍ਰਣਾਨ ਨਹੀਂ ਕਰ ਰਹੇ। ਭਾਜਪਾ ਨੇ ਕਾਂਗਰਸ ਨੂੰ ਜਿੰਨਾ ਨੁਕਸਾਨ ਪਹੁੰਚ-ਾਇਆ ਹੈ, ਉਸ ਤੋਂ ਵੱਧ ਗੁਜਰਾਤ ਦੇ ਲੋਕਾਂ ਨੂੰ ਪਹੁੰਚਾਇਆ ਹੈ।'

ਪ੍ਰੋਗਰਾਮ ਵਾਲੇ ਸਥਾਨ ਉੱਤੇ ਆਉਣ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਇੱਥੇ ਕ੍ਰਿਸ਼ਨ ਮੰਦਰ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਭਗਵਾਨ ਕ੍ਰਿਸ਼ਨ ਦੀ ਪੂਜਾ ਕੀਤੀ। ਵਰਨਣ ਯੋਗ ਹੈ ਕਿ ਰਾਹੁਲ ਗਾਂਧੀ 2017 ਵਿੱਚ ਵੀ ਸੂਬਾ ਵਿਧਾਨ ਸਭਾ ਚੋਣਾਂ ਤੋਂਪਹਿਲਾਂ ਕ੍ਰਿਸ਼ਨ ਜੀ ਮੰਦਰ ਆਏ ਸਨ।

# ਲਾਹੌਰ ਦੇ ਚਿੜੀਆਘਰ ਦੀ ਸਫਾਰੀ ਦੇ 12 ਸ਼ੇਰ ਨੀਲਾਮ



ਲਾਹੌਰ, 27 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਭ ਤੋਂ ਵੱਡੇ ਲਾਹੌਰ ਚਿੜੀਆ-ਘਰ ਦੇ ਸ਼ੇਰਾਂ ਦੀ ਗਿਣਤੀ ਨੂੰ ਘੱਟ ਕਰਨ ਲਈ ਉਨ੍ਹਾਂ ਨੂੰ ਨੀਲਾਮੀ ਵਿੱਚ ਵੇਚਣ ਦਾ ਫੈਸਲਾ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਪਾਕਿਸਤਾਨੀ ਪੰਜਾਬ ਦੇ ਵੱਖ-ਵੱਖ ਚਿੜੀਆ-ਘਰਾਂ ਵਿੱਚ ਵਾਧੂ ਸ਼ੇਰਾਂ ਦੀ ਕੁੱਲ ਗਿਣਤੀ 20 ਤੋਂ ਵੱਧ ਹੈ। ਲਾਹੌਰ ਚਿੜੀਆ-ਘਰ ਵਿੱਚ 26 ਸ਼ੇਰ ਹਨ ਤੇ ਅੱਠ ਅਫਰੀਕੀ ਸ਼ੇਰ ਹਨ। ਲਾਹੌਰ ਸਫਾਰੀ ਪਾਰਕ, ਜੋ ਚਾਲੀ ਸ਼ੇਰਾਂ ਦਾ ਘਰ ਹੈ, ਵਿੱਚੋਂ ਪਾਕਿਸਤਾਨ ਦਾ ਜੰਗਲਾਤ ਵਿਭਾਗ 12 ਦੀ ਨੀਲਾਮੀ ਕਰੇਗਾ। ਇਨ੍ਹਾਂ ਸ਼ੇਰਾਂ ਨੂੰ ਜੰਗਲ ਵਿੱਚ ਨਹੀਂ ਛੱਡਿਆ ਜਾ ਸਕਦਾ, ਇਸ ਲਈ ਉਨ੍ਹਾਂ ਨੂੰ ਨੀਲਾਮ ਕਰ ਦਿੱਤਾ ਜਾਏਗਾ। ਇਸ ਤੋਂ ਪਹਿਲਾਂ ਵੀ ਸ਼ੇਰਾਂ ਨੂੰ ਵੇਚਣ ਦੇ ਲਈ ਨੀਲਾਮੀ ਦੇ ਟੈਂਡਰ ਜਾਰੀ ਕੀਤੇ ਗਏ ਸਨ। ਪਾਕਿਸਤਾਨ ਜੰਗਲਾਤ ਵਿਭਾਗ ਕਦੇ ਨੀਲਾਮੀ ਵਿੱਚ ਵੇਚੇ ਜਾਣ ਵਾਲੇ ਸ਼ੇਰਾਂ ਨੂੰ ਭੇਡ-ਬੱਕਰੀਆਂ ਦੀਆਂ ਕੀਮਤਾਂ ਵਿੱਚ ਵੇਚ ਦਿੰਦਾ ਸੀ। ਇਸ ਵਾਰ ਨਿਯਮਾਂ ਵਿੱਚ ਤਬਦੀਲੀ ਕੀਤੀ ਗਈ ਹੈ। ਖੁੱਲ੍ਹੇ ਬਾਜ਼ਾਰ ਵਿੱਚ ਇੱਕ ਬਾਲਗ ਸ਼ੇਰ ਦੀ ਕੀਮਤ ਤੀਹ ਲੱਖ ਤੋਂ 35 ਲੱਖ ਰੁਪਏ ਵਿੱਚ ਹੁੰਦੀ ਹੈ।ਸ਼ੇਰਾਂ ਨੂੰ ਵੇਚਣ ਲਈ ਦਿੱਤੀ ਜਾਣ ਵਾਲੀ ਬੋਲੀ ਦੀ ਰਾਖਵੀਂ ਕੀਮਤ 150,000 ਰੁਪਏ ਮਿਥੀ ਗਈ ਹੈ। ਜੰਗਲਾਤ ਅਧਿਕਾਰੀ ਅਨੁਸਾਰ ਸ਼ੇਰ ਖਰੀਦਣਾ ਕੋਈ ਮਜ਼ਾਕ ਨਹੀਂ, ਨੀਲਾਮੀ ਖਤਮ ਹੋਣ ਦੇ ਬਾਅਦ ਵੀ ਇਸ ਦੇ ਲਈ ਵੱਡੇ ਪੱਧਰ ਉੱਤੇ ਧਨ ਦੀ ਲੋੜ ਹੁੰਦੀ ਹੈ। ਇੱਕ ਬਾਲਗ ਸ਼ੇਰ ਇੱਕ ਦਿਨ ਵਿੱਚ ਅੱਠ ਤੋਂ 10 ਕਿਲੋ-ਗਰਾਮ ਮਾਸ ਖਾਂਦਾ ਹੈ। ਹਫਤੇ ਵਿੱਚ ਇੱਕ ਵਾਰ ਮੀਟ ਵੀ ਸ਼ੇਰਾਂ ਨੂੰ ਖੁਆਇਆ ਜਾਂਦਾ ਹੈ। ਇੱਕ ਸ਼ੇਰ ਦੇ ਇੱਕ ਦਿਨ ਦੇ ਭੋਜਨ ਦੀ ਕੀਮਤ ਲਗਭਗ 5000 ਰੁਪਏ ਹੈ। ਸ਼ੇਰ ਨੂੰ ਖੁਆਉਣ ਅਤੇ ਉਸ ਦੀ ਦੇਖ-ਭਾਲ ਲਈ ਮਹੀਨਾਵਾਰ 150,000 ਰੁਪਏ ਤੋਂ ਉਪਰ ਦਾ ਖਰਚਾ ਹੈ।

# ਦੁਰਲੱਭ ਬਿਮਾਰੀ ਨਾਲ ਜੂਝਦੀ ਝਾਰਖੰਡ ਦੀ ਸ੍ਰਿਸ਼ਟੀ ਨੂੰ 16 ਕਰੋੜ ਦਾ ਟੀਕਾ ਲੱਗਾ




ਰਾਂਚੀ, 27 ਫਰਵਰੀ (ਪੋਸਟ ਬਿਊਰੋ)- ਸਭ ਕੁਝ ਠੀਕ ਰਿਹਾ ਤਾਂ ਸਪਾਈਨਲ ਮਸਕਿਊਲਰੇਟ੍ਰੌਫੀ ਟਾਈਪ-1 ਦੇ ਨਾਂਅ ਵਾਲੀ ਦੁਰਲੱਭ ਬਿਮਾਰੀ ਨਾਲ ਜੂਝ ਰਹੀ ਦੋ ਸਾਲ ਦੀ ਸ੍ਰਿਸ਼ਟੀ ਰਾਣੀ ਆਮ ਬੱਚੀ ਦੇ ਵਾਂਘ ਜ਼ਿੰਦਗੀ ਜੀਅ ਸਕੇਗੀ। ਕੋਲ ਇੰਡੀਆ ਵੱਲੋਂ ਦਿੱਤੀ 16 ਕਰੋੜ ਰੁਪਏ ਦੀ ਆਰਥਿਕ ਮਦਦ ਨਾਲ ਨਵੀਂ ਦਿੱਲੀ ਵਿਚ ਏਮਜ਼ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਵਿੱਚ ਕੱਲ੍ਹ ਜੋਲ-ਸੇਸਮਾ ਨਾਮੀ ਇੰਜੈਕਸ਼ਨ ਲਾ ਦਿੱਤਾ ਗਿਆ ਹੈ। ਇਹ ਇੰਜੈਕਸ਼ਨ ਸਵਿੱਟਜ਼ਰਲੈਂਡ ਦੀ ਨੋਵਾਰਟਿਸ ਕੰਪਨੀ ਸਿਰਫ ਵਿਸ਼ੇਸ਼ ਆਰਡਰ ਉੱਤੇ ਬਣਾਉਂਦੀ ਹੈ। ਇਸ ਟੀਕੇ ਦੇ ਬਾਅਦ ਡਾਕਟਰਾਂ ਦਾ ਕਹਿਣਾ ਹੈ ਕਿ ਸ੍ਰਿਸ਼ਟੀ ਦੇ ਜਲਦੀ ਪੂਰੀ ਤਰ੍ਹਾਂ ਠੀਕ ਹੋ ਜਾਣ ਦੀ ਉਮੀਦ ਹੈ।

ਸ੍ਰਿਸ਼ਟੀ ਝਾਰਖੰਡ ਦੇ ਮੇਦਨੀ ਨਗਰ ਦੇ ਵਾਸੀ ਸਤੀਸ਼ ਕੁਮਾਰ ਰਵੀ ਦੀ ਬੇਟੀ ਹੈ। ਸਤੀਸ਼ ਕੁਮਾਰ ਛੱਤੀਸਗੜ੍ਹ ਦੇ ਬਿਲਾਸਪੁਰ ਵਿੱਚ ਸਾਊਥ ਈਸਟਰਨ ਕੋਲਫੀਲਡਸ ਵਿੱਚ ਕੰਮ ਕਰਦੇ ਹਨ। ਸ੍ਰਿਸ਼ਟੀ ਲਗਭਗ ਇੱਕ ਸਾਲ ਤੋਂ ਵੈਂਟੀਲੇਟਰ ਉੱਤੇ ਹੈ। ਇਸ ਬਿਮਾਰੀ ਦਾ ਇਲਾਜ ਸਿਰਫ ਜੋਲਜੈਂਸਮਾ ਇੰਜੈਕਸ਼ਨ ਹੈ ਅਤੇ ਇਸ ਦੀ ਕੀਮਤ 16 ਕਰੋੜ ਰੁਪਏ ਹੈ। ਇਨ੍ਹਾਂ ਲਈ ਇੰਨੀ ਵੱਡੀ ਰਕਮ ਇਕੱਠੀ ਕਰ ਸਕਣਾ ਸੰਭਵ ਨਹੀਂ ਸੀ। ਉਨ੍ਹਾਂ ਨੇ ਕਈ ਲੋਕਾਂ ਤੋਂ ਮਦਦ ਮੰਗੀ। ਪਿਛਲੇ ਛੇ ਮਹੀਨੇ ਤੋਂ ਛੱਤੀਸਗੜ੍ਹ ਤੋਂ ਲੈ ਕੇ ਝਾਰਖੰਡ ਤਕ ਕਰਾਊਡ ਫੰਡਿੰਗ ਦੀ ਮੁਹਿੰਮ ਚਲਾਈ ਗਈ, ਪ੍ਰੰਤੂ ਇਸ ਨਾਲ ਸਿਰਫ ਚਾਲੀ ਲੱਖ ਰੁਪਏ ਇਕੱਠੇ ਹੋਏ ਸਨ। ਕੰਪਨੀ ਦੇ ਮੁਲਾਜ਼ਮਾਂ ਨੇ ਵੀ ਮਦਦ ਦੀ ਅਪੀਲ ਕਰਦਾ ਪੱਤਰ ਕੰਪਨੀ ਨੂੰ ਲਿਖਿਆ ਸੀ। ਇਸ ਦੇ ਬਾਅਦ ਐਸ ਈ ਕੋਲਲਿਮਿਟਿਡ ਨੇ ਕੋਲ ਇੰਡੀਆ ਨੂੰ ਪ੍ਰਸਤਾਵ ਭੇਜਿਆ ਅਤੇ ਕੋਲ ਇੰਡੀਆ ਨੇ ਆਪਣੇ ਇੱਕ ਸਾਧਾਰਨ ਕਰਮਚਾਰੀ ਦੀ ਬੇਟੀ ਲਈ ਇੰਨੀ ਵੱਡੀ ਆਰਥਿਕ ਸਹਾਇਤਾ ਮਨਜ਼ੂਰ ਕਰ ਦਿੱਤੀ।ਦੱਸਿਆ ਗਿਆ ਹੈ ਕਿ ਸ੍ਰਿਸ਼ਟੀ ਦੇਸ਼ ਦੀ ਦੂਸਰੀ ਬੱਚੀ ਹੈ ਜਿਸ ਨੂੰ 16 ਕਰੋੜ ਦਾ ਇੰਜੈਕਸ਼ਨ ਲਾਇਆ ਗਿਆ ਹੈ। ਇਸ ਤੋਂ ਪਹਿਲਾਂ ਇਸੇ ਬਿਮਾਰੀ ਨਾਲ ਜੂਝਦੀ ਮੁੰਬਈ ਦੀ ਇੱਕ ਬੱਚੀ ਤੀਰ ਕਾਮਥ ਲਈ ਵੀ ਪ੍ਰਧਾਨ ਮੰਤਰੀ ਦਫਤਰ ਦੇ ਦਖਲ ਦੇ ਬਾਅਦ ਇਸ ਇੰਜੈਕਸ਼ਨ ਦਾ ਇੰਤਜ਼ਾਮ ਹੋਇਆ ਸੀ।

# ਫੋਨ ਟੈਪਿੰਗ ਕੇਸ ਵਿੱਚ ਆਈ ਪੀ ਐਸ ਅਧਿਕਾਰੀ ਵਿਰੁੱਧ ਕੇਸ ਦਰਜ



ਪੁਣੇ, 27 ਫਰਵਰੀ (ਪੋਸਟ ਬਿਊਰੋ)- ਪੁਣੇ ਪੁਲਸ ਨੇ ਗੈਰ ਕਾਨੂੰਨੀ ਫੋਨ ਟੈਪਿੰਗ ਕੇਸ ਵਿੱਚ ਆਈ ਪੀ ਐਸ ਅਧਿਕਾਰੀ ਤੇ ਸ਼ਹਿਰ ਦੀ ਸਾਬਕਾ ਪੁਲਸ ਮੁਖੀ ਰਸ਼ਮੀ ਸ਼ੁਕਲਾ ਦੇ ਖਿਲਾਫ ਕੇਸ ਦਰਜ ਕੀਤਾ ਹੈ। ਰਸ਼ਮੀ ਸ਼ੁਕਲਾ ਉੱਤੇ ਸਾਲ 2015 ਤੋਂ 2019 ਵਿਚਾਲੇ ਨੇਤਾਵਾਂ ਦੀ ਗੈਰ ਕਾਨੂੰਨੀ ਤਰੀਕੇ ਨਾਲ ਫੋਨ ਟੈਪਿੰਗ ਦਾ ਦੋਸ਼ ਹੈ।

ਜਾਂਚ ਅਧਿਕਾਰੀ ਨੇ ਦੱਸਿਆ ਕਿ ਰਸ਼ਮੀ ਸ਼ੁਕਲਾ ਦੇ ਖਿਲਾਫ ਇਹ ਕੇਸ ਤਿੰਨ ਮੈਂਬਰੀ ਕਮੇਟੀ ਦੀ ਜਾਂਚ ਰਿਪੋਰਟ ਦੇ ਆਧਾਰ ਉੱਤੇ ਦਰਜ ਕੀਤਾ ਗਿਆ ਹੈ। ਰਸ਼ਮੀ ਸ਼ੁਕਲਾ ਮਾਰਚ 2016 ਤੋਂ ਜੁਲਾਈ 2018 ਤਕ ਪੁਣੇ ਵਿੱਚ ਪੁਲਸ ਕਮਿਸ਼ਨਰ ਸਨ ਤੇ ਇਸ ਸਮੇਂ ਡੈਪੂਟੇਸ਼ਨ ਤੇ ਕੇਂਦਰੀ ਰਿਜ਼ਰਵ ਪੁਲਸ ਬਲ (ਸੀ ਆਰ ਪੀ ਐਫ) ਤੋਂ ਇਲਾਵਾ ਡੀ ਜੀ ਪੀ ਅਹੁਦੇ ਉੱਤੇ ਹੈਦਰਾਬਾਦ ਵਿੱਚ ਤੈਨਾਤ ਹਨ। ਅਧਿਕਾਰੀ ਨੇ ਦੱਸਿਆ ਕਿ ਰਸ਼ਮੀ ਸ਼ੁਕਲਾ ਦੇ ਖਿਲਾਫ ਇੱਥੇ ਬੂੰਦ ਗਾਰਡਨ ਥਾਣੇ ਵਿੱਚ ਫੋਨ ਟੈਪਿੰਗ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਹੈ।ਜਾਰੀ ਕੀਤੇ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਸਾਲ 2021 ਵਿੱਚ ਮਹਾਰਾਸ਼ਟਰ ਵਿਧਾਨਮੰਡਲ ਦੇ ਮਾਨਸੂਨ ਸੈਸ਼ਨ ਦੌਰਾਨ ਇੱਕ ਮੈਂਬਰ ਦੇ ਸਵਾਲ ਦੇ ਜਵਾਬ ਵਿੱਚ 2015 ਤੋਂ 2019 ਵਿਚਾਲੇ ਨੇਤਾਵਾਂ ਦੇ ਫੋਨ ਦੀ ਗੈਰ ਕਾਨੂੰਨੀ ਟੈਪਿੰਗ ਦੇ ਦੋਸ਼ਾਂ ਦੀ ਜਾਂਚ ਲਈ ਮੌਜੂਦਾ ਡੀ ਜੀ ਪੀ ਸੰਜੇ ਪਾਂਡੇ ਦੀ ਪ੍ਰਧਾਨਗੀ ਵਿੱਚ ਕਮੇਟੀ ਬਣਾਈ ਗਈ ਸੀ।ਪਿਛਲੇ ਦਿਨੀਂ ਇਸ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਕਿਹਾ ਗਿਆ ਕਿ ਪੁਣੇ ਵਿੱਚ ਪੁਲਸ ਕਮਿਸ਼ਨਰ ਹੋਣ ਵੇਲੇ ਰਸ਼ਮੀ ਸ਼ੁਕਲਾ ਨੇ ਗੈਰ ਕਾਨੂੰਨੀ ਤਰੀਕੇ ਨਾਲ ਫੋਨ ਟੈਪ ਕੀਤੇ ਸਨ, ਇਸ ਲਈ ਉਨ੍ਹਾਂ ਦੇ ਖਿਲਾਫਅਤੇ ਹੋਰਾਂ ਖਿਲਾਫ ਸ਼ਿਕਾਇਤ ਦਰਜ ਕੀਤੀਗਈ ਹੈ।

## ਭਾਰਤ ਬਰਮਿੰਘਮ ਕਾਮਨਵੈੱਲਥ ਖੇਡਾਂ ਲਈ ਦੂਸਰੇ ਦਰਜੇ ਦੀ ਹਾਕੀ ਟੀਮ ਭੇਜੇਗਾ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਭਾਰਤ ਇਸ ਸਾਲ ਹੋਣ ਵਾਲੀਆਂ ਕਾਮਨਵੈੱਲਥ ਖੇਡਾਂ ਦੇ ਪੁਰਸ਼ ਤੇ ਹਾਕੀ ਮੁਕਾਬਲਿਆਂ ਲਈ ਦੂਸਰੇ ਦਰਜੇ ਦੀ ਟੀਮ ਭੇਜੇਗਾ, ਕਿਉਂਕਿ ਬਰਮਿੰਘਮ ਵਿੱਚ ਹੋ ਰਹੀਆਂ ਇਨ੍ਹਾਂ ਖੇਡਾਂ ਅਤੇ ਹਾਂਗਝੋਊ ਏਸ਼ੀਆਈ ਖੇਡਾਂ ਵਿਚਾਲੇ ਜ਼ਿਆਦਾ ਸਮਾਂ ਨਹੀਂ ਹੈ। ਏਸ਼ੀਆਈ ਖੇਡਾਂ 2024 ਪੈਰਿਸ ਓਲੰਪਿਕ ਦੇ ਕੁਆਲੀਫਾਇਰ ਹਨ। ਹਾਕੀ ਇੰਡੀਆ ਦੇ ਇੱਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਪਹਿਲਾਂ ਭਾਰਤੀ ਓਲੰਪਿਕ ਐਸੋਸੀਏਸ਼ਨ ਅਤੇ ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਨਰਿੰਦਰ ਬੱਤਰਾ ਨੇ ਇਹੋ ਜਿਹਾ ਦਾਅਵਾ ਕੀਤਾ ਸੀ। ਅਧਿਕਾਰੀ ਨੇ ਦੱਸਿਆ ਕਿ ਸਾਡੇ ਕੋਲ ਤਿੰਨ ਟੀਮਾਂ ਹਨ, ਇੰਡੀਆ ਸੀਨੀਅਰ, ਭਾਰਤ ਏ ਅਤੇ ਜੂਨੀਅਰ ਟੀਮ ਅਤੇ ਇਸ ਸਾਲ ਅਸੀਂ ਕਾਮਨਵੈੱਲਥਖੇਡਾਂ ਲਈ ਆਪਣੀ ਏ ਟੀਮ ਭੇਜਾਂਗੇ, ਕਿਉਂਕਿ ਅਸੀਂ ਨਹੀਂ ਚਾਹੁੰਦੇ ਕਿ ਸਾਡੇ ਮੁੱਖ ਖਿਡਾਰੀ ਜ਼ਿਆਦਾ ਮਹੱਤਵਪੂਰਨ ਏਸ਼ਿਆਈ ਖੇਡਾਂ ਤੋਂ ਪਹਿਲਾਂ ਆਪਣੇ ਸਿਖਰ ਉੱਤੇ ਪਹੁੰਚ ਜਾਣ।

# ਅਫਗਾਨਿਸਤਾਨ ਵਿੱਚ ਛੇ ਮਹੀਨਿਆਂ ਬਾਅਦ ਫਿਰ ਯੂਨੀਵਰਸਿਟੀ ਖੁੱਲ੍ਹੀ



ਕਾਬੁਲ, 27 ਫਰਵਰੀ (ਪੋਸਟ ਬਿਊਰੋ)- ਅਫਗਾਸਿਨਤਾਨ ਵਿਚਲੀਆਂ ਸਭ ਤੋਂ ਪੁਰਾਣੀਆਂ ਅਤੇ ਸਭ ਤੋਂ ਮਸ਼ਹੂਰ ਉਚ ਸਿੱਖਿਆ ਸੰਸਥਾਵਾਂ ਵਿੱਚੋਂ ਇੱਕ ਕਾਬੁਲ ਯੂਨੀਵਰਸਿਟੀ ਤਾਲਿਬਾਨ ਵੱਲੋਂ ਦੇਸ਼ ਉੱਤੇ ਕਬਜ਼ਾ ਕਰਨ ਦੇ ਛੇ ਮਹੀਨੇ ਬਾਅਦ ਕੱਲ੍ਹ ਫਿਰ ਖੁੱਲ੍ਹ ਗਈ ਹੈ। ਵਿਦਿਆਰਥੀ ਅਤੇ ਵਿਦਿਆਰਥਣਾਂ ਨੂੰ ਜਮਾਤਾਂ ਵਿੱਚ ਵੱਖੋ-ਵੱਖਰੇ ਬੈਠਣਗੇ। ਵਿਦਿਆਰਥਣਾਂ ਲਈ ਇਸਲਾਮੀ ਡਰੈਸ ਲਾਜ਼ਮੀ ਕੀਤੀ ਗਈ ਹੈ।ਹਿਜਾਬ ਪਾ ਕੇ ਆਈਆਂ ਕਈ ਵਿਦਿਆਰਥਣਾਂ ਯੂਨੀਵਰਸਿਟੀ ਦੇ ਮੇਨ ਗੇਟ ਉੱਤੇ ਬਾਹਰ ਲਾਈਨ ਵਿੱਚ ਖੜ੍ਹੀਆਂ ਸਨ। ਵਿਦਿਆਰਥੀ ਅਗਸਤ ਵਿੱਚ ਤਾਲਿਬਾਨ ਦੇ ਸੱਤਾ ਸੰਭਾਲਣ ਤੋਂ ਬਾਅਦ ਅਚਾਨਕ ਬੰਦ ਕੀਤੀਆਂ ਗਈਆਂ ਜਮਾਤਾਂ ਨੂੰ ਬਹਾਲ ਕਰਨ ਨੂੰ ਲੈ ਕੇ ਉਤਸੁਕ ਦਿਖਾਈ ਦਿੱਤੇ।

ਇਸ ਮੌਕੇ ਤਾਲਿਬਾਨ ਦੇ ਸਿਪਾਹੀ ਯੂਨੀਵਰਸਿਟੀ ਕੰਪਲੈਕਸ ਵਿੱਚ ਤਿੰਨ ਮੇਨ ਗੇਟਾਂ ਉੱਤੇ ਪਹਿਰਾ ਦੇ ਰਹੇ ਸਨ। ਪਹਿਲਾਂ ਯੂਨੀਵਰਸਿਟੀ ਵਿੱਚ ਕੋ-ਐਜੂਕੇਸ਼ਨ ਦਾ ਪ੍ਰਬੰਧ ਸੀ ਜਿਸ ਵਿੱਚ ਵਿਦਿਆਰਥੀ ਅਤੇ ਵਿਦਿਆਰਥਣਾਂ ਨੂੰ ਇਕੱਠੇ ਬੈਠਣ ਦੀ ਇਜਾਜ਼ਤ ਸੀ। ਬਹੁਤੇ ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਕੀ ਉਮੀਦ ਕਰਨ, ਪਰ ਇਹ ਜਾਣ ਕੇ ਹੈਰਾਨੀ ਹੋਈ ਕਿ ਉਹ ਨਵੇਂ ਸਿਲੇਬਸ ਫਿਰ ਤੋਂ ਸ਼ੁਰੂ ਕਰ ਸਕਦੇ ਹਨ ਅਤੇ ਅਧਿਅਨ ਦੇ ਆਪਣੇ ਚੁਣੇ ਹੋਏ ਖੇਤਰਾਂ ਵਿੱਚ ਅੱਗ ਵਧ ਸਕਦੇ ਹਨ।

ਇਹ ਯੂਨੀਵਰਸਿਟੀ ਬਹੁਤ ਹੱਦ ਤਕ ਅਮਰੀਕੀ ਉਦਾਰ ਕਲਾ ਮਾਡਲ ਨੂੰ ਯਾਦ ਕਰਵਾਉਂਦੀ ਹੈ। ਸੰਗੀਤ ਵਿਭਾਗ ਬੰਦ ਕਰ ਦਿੱਤਾ ਗਿਆ ਹੈ। ਉਚ ਸਿੱਖਿਆ ਮੰਤਰਾਲੇ ਲਈ ਤਾਲਿਬਾਨ ਦੇ ਬੁਲਾਰੇ ਅਹਿਮਦ ਤਕੀ ਨੇ ਐਸੋਸੀਏਟਿਡ ਪ੍ਰੈਸ ਨੂੰ ਇੱਕ ਵੀਡੀਓ ਕਲਿਪ ਵਿੱਚ ਕਿਹਾ ਕਿ ਬਹੁਤ ਦੇਰੀ ਪਿੱਛੋਂ ਕਿਸਮਤ ਨਾਲ ਸਾਰੀਆਂ ਯੂਨੀਵਰਸਿਟੀਆਂ ਅਤੇ ਸਿੱਖਿਆ ਸੰਸਥਾਵਾਂ ਨੂੰ ਕੱਲ੍ਹ ਖੋਲ੍ਹ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸਲਾਮੀ ਅਮੀਰਾਤ ਅਫਗਾਨਿਸਤਾਨ ਦੀਆਂ ਯੋਜਨਾਵਾਂ ਤੇ ਨੀਤੀਆਂ ਦੇ ਆਧਾਰ ਉੱਤੇ ਸਿੱਖਿਆ ਜਾਰੀ ਰਹੇਗੀ। ਮਨੁੱਖੀ ਵਿਗਿਆਨ ਵਿਸ਼ੇ ਦੀ ਵਿਦਿਆਰਥਣ ਬਹਿਜ਼ਾ ਅਮਨ ਨੇ ਕਿਹਾ ਕਿ ਏਥੇ ਸਿਲੇਬਸ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ, ਮੇਰੀਆਂ ਕਲਾਸਾਂ ਦੇ ਟੀਚਰ ਵੀ ਪਹਿਲੇ ਹੀ ਹਨ। ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਆਖਰ ਸਾਨੂੰ ਯੂਨੀਵਰਸਿਟੀ ਪਰਤਣ ਦਿੱਤਾ। ਅਮਨ ਨੂੰ ਬੈਚੁਲਰ ਡਿਗਰੀ ਪੂਰੀ ਕਰਨ ਤੇ ਫਿਰ ਡਾਕਟ੍ਰੇਟ ਕਰਨ ਦੀ ਉਮੀਦ ਹੈ। ਤਾਲਿਬਾਨੀ ਸਰਕਾਰ ਵੱਲੋਂ ਅਜਿਹਾ ਕੋਈ ਜਨਤਕ ਐਲਾਨ ਨਹੀਂ ਕੀਤਾ ਗਿਆ ਕਿ ਇਸ ਕੰਪਲੈਕਸ ਵਿੱਚ ਮੀਡੀਆ ਦੇ ਲੋਕਾਂ ਨੂੰ ਵੀ ਦਾਖਲ ਹੋਣ ਦਿੱਤਾ ਜਾਏਗਾਜਾਂ ਨਹੀਂ।






ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੇਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE $1,749,900 8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE $1,950,000 26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## Matrimonial

Marriage

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post



ਤੁਰੰਤ ਕਾਮਿਆਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।

ਸੰਪਰਕ ਕਰੋ: ਸੁਰਜੀਤ ਸਿੰਘ ਢਿੱਲੋਂ
647-391-3365


## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਲੜਕਾ, ਉਮਰ 33 ਸਾਲ ਕੱਦ 5'11'', 16 ਏਕੜ ਜ਼ਮੀਨ, +12 ਪਾਸ, ਵੈਸ਼ਨੂੰ ਪਰਿਵਾਰ, ਲਈ ਪੜ੍ਹੀ ਲਿਖੀ, ਨੈਨੀ ਬੇਸ ਕੈਨੇਡਾ ਜਾਣ ਵਾਲੀ ਲੜਕੀ ਦੀ ਲੋੜ ਹੈ। ਲੜਕੀ ਦੀ ਉਮਰ 28 ਸਾਲ ਤੋਂ ਘੱਟ ਨਾ ਹੋਵੇ। ਲੜਕੇ ਦੀ ਭੈਣ ਉਮਰ 36 ਸਾਲ, ਕੱਦ 5'5'', ਕੈਨੇਡਾ ਪੀਆਰ, ਪੜ੍ਹੀ ਲਿਖੀ ਲੜਕੀ ਲਈ, ਪੜ੍ਹੇ ਲਿਖੇ 15 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਮਾਪਿਆਂ ਦੀ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 780-236-5046 (ਵਟਸਐਪ ਨੰਬਰ), 780-203-5406, 9463429782

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ



ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976



A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ



Other Realtors only Promise
But JAG AUJLA SOLD YOUR HOME WITH
GUARANTEE

Advertisement
GUARANTEED
Till SOLD

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **RE/MAX International **(2010) **(2014)

JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated)
Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



FREE ONLINE PROGRAM

JVS TORONTO

# Job Search Workshop for Newcomers



## Looking for information on how to enter your field in Canada?

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**

- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

**New registrants must have an assessment prior to the start of the program.**

Open to permanent residents, convention refugees or live-in caregivers – internationally trained professionals who are able to work and can communicate in English.

Your First Steps to Employment in Canada

**Now accepting applications.**
**For more info and to register, contact JSW@jvstoronto.org**
www.jvstoronto.org

Funded by: Immigration, Refugees and Citizenship Canada
Financé par : Immigration, Réfugiés et Citoyenneté Canada
United Way Greater Toronto
UJA FEDERATION of Greater Toronto



ASIAN FOOD CENTRE

Family Day SALE

www.AsianFoodCentre.com
18TH FEB TO 1ST MAR 2022
Fresh Fruits, Vegetables, Indian & Canadian Grocery

GOLDEN TEMPLE ATTA (YELLOW BAG) — $9.99 EA, REG.$12.99
TAJ ATTA — $11.99 EA, REG.$13.99
BIKANERI ALMOND OIL — $15.99 1L, REG.$17.99
SAFFRON — $1.79 1G, REG.$2.29
ASIAN BASMATI RICE — $8.99 8LB, REG.$10.99
AFC SILVER RICE — $6.99 8LB, REG.$11.99
AFC GOLD RICE — $8.99 10LB, REG.$10.99
FRUITI-O ASST JUICE — $3.49 2.1L, REG.$ 4.49
ASIAN BESAN — $3.79 LB, REG.$4.99
TASTY BROWN SUGAR — $6.99 8LB, REG.$8.99
TASTY ASSORTED COOKIES — $4.99 2.2LB, REG.$6.99
INDIAN ROOHAFZA — $3.49 800G, REG.$4.49
HALDIRAM SOUTH MIXTURE — $0.99 +TAX, REG.$1.49
PRAN ASSORTED BISCUIT — $3.99 1000GM, REG.$5.99
ASIAN SOYA GRANULES — $0.99 200G
CAVENDISH PATTIES — $2.49 600GM, REG.$3.99
EMIRATES NEST PASTA — $1.29 400G, REG.$1.99
VATIKA CACTUS/ARGAN OIL — $6.99 360ML, REG.$7.99
DABUR MUSTARD OIL — $6.99 1L, REG.$7.99
KTC ALMOND OIL — $7.99 500ML, REG.$8.99
BIKANERI COOKIES — $4.99 2.5LB, REG.$5.99
THAKAR ASST PARATHA — $1.79 EA
BIKANO SUJI RUSK — $4.49 600GM, REG.$5.99
PRAN ASST KETCHUP — $1.49 340GM, REG.$2.49
ASHOKA FROZEN ASST PRANTHA — $1.99 400GM, REG.$2.49

BRITTANIA GOODDAY CHUNKIES — 2 FOR $1 EA, REG.$1.49
BRITANNIA SUJI/MILK RUSK — $3.29 560GM, REG.$4.49
PATANJALI ASST SHAMPOO — $4.99 200ML, REG.$5.99
YIPPEE MASALA NOODLES — 3 FOR $1 75GM, REG.$0.59EA
PALMOLIVE DISHWASHER (828ML) — $3.49 +TAX, REG.$4.99
BRITTANIA TIGER GLUCOSE BISCUIT (600GM) — $1.49 EA, REG.$1.99
PRAN BISK LEXUS VEGETABLE CRACKER — $0.99 240GM, REG.$1.99
LG HING POWDER — $2.29 50GM, REG.$ 3.99
HALDIRAM'S SOAN PAPDI — $2.29 250GM, REG.$2.99
BIKANO DRY PETHA — $3.99 400G, REG.$4.99
MR GOUDAS CHICK PEAS — $1.79 796ML, REG.$2.29
CIAN FRESH CUT VEGETABLES (CUT OKRA, WHOLE OKRA, SPINACH, GREEN PEAS, CARROT DICE) — $0.99 (340G) EA
POPULAR SOYA CHAAP — $4.99 800G, REG.$5.99
DABUR REAL MANGO JUICE — $1.99 1L, REG.$ 2.99
PRAN MANGO JUICE — 2 FOR $1 250ML, REG.$1.99
FROOTI MANGO DRINK — $1.99 1L, REG.$2.99
PRAN ASST JAM/JELLY — $1.79 375GM, REG.$2.99
PRAN ASST CHUTNEY — $1.79 300ML, REG.$ 2.29
PRAN FLATTENED RICE (POHA) — $1.29 250G, REG.$ 1.79
BRITANNIA CREAM TREAT — 2 FOR $1 97G-120GM, REG.$1.99
BRITANNIA GOODDAY COOKIES — $0.69 75GM, REG.$0.99
PRAN BISK CLUB MARIE BISCUIT — $1.49 260G, REG.$2.49




ETOBICOKE — 10 Westmore Dr. 416-740-3262 (MEAT SHOP AVAILABLE)
MISSISSAUGA — 1075 Ceremonial Dr. 905-502-1600 (MEAT SHOP AVAILABLE)
BRAMPTON — 621 Wanless Dr. 905-495-3336 (MEAT SHOP AVAILABLE)
BRAMPTON — 2120 N Park Dr. 905-793-1338 (MEAT SHOP AVAILABLE)
BRAMPTON — 80 Pertosa Dr. 905-460-0009
BRAMPTON — 40 Airport RD & Lacoste Blvd. 905-794-8109 (MEAT SHOP AVAILABLE)
BRAMPTON — 10510 Torbram Rd. 905-790-0030
BRAMPTON — 10 Pannahill Dr. 905-913-8017 (MEAT SHOP AVAILABLE)
TOLL FREE 1-800-708-9232